ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 18 ਅਗਸਤ 2026 (ਨਾਨਕਸ਼ਾਹੀ ਸੰਮਤ : ੫੫੮, ੨ ਭਾਦੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸੰਯੁਕਤ ਕਿਸਾਨ ਮੋਰਚਾ ਨੇ 23 ਨੂੰ ਸੱਦੀ ਹੰਗਾਮੀ ਮੀਟਿੰਗ

# ਕਿਸਾਨਾਂ ਨੇ ਖਨੌਰੀ ਬਾਰਡਰ ’ਤੇ ਲਾਇਆ ਪੱਕਾ ਮੋਰਚਾ

**ਚੰਡੀਗੜ੍ਹ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਮੁਖੀ ਜਗਜੀਤ ਸਿੰਘ ਡੱਲੇਵਾਲ ਨੇ ਐਤਵਾਰ ਰਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹਰਿਆਣਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅੰਤਰਿਮ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਦਿੱਲੀ ਵੱਲ ਵਧਣ ਦੀ ਇਜਾਜ਼ਤ ਦੇਣ, ਇਹ ਕਹਿੰਦੇ ਹੋਏ ਕਿ ਉਹ ਸੀਮਤ ਗਿਣਤੀ ਵਿੱਚ ਸ਼ਾਂਤੀਪੂਰਵਕ ਪੈਦਲ ਮਾਰਚ ਕਰਨ ਦੀ ਯੋਜਨਾ ਬਣਾ ਰਹੇ ਹਨ। ਵਿਰੋਧ ਵਿੱਚ ਦਿੱਲੀ ਵੱਲ ਮਾਰਚ ਕਰ ਰਹੇ ਕਿਸਾਨਾਂ ਦੇ ਇੱਕ ਸਮੂਹ ਨੇ ਸੜਕ ’ਤੇ ਆਪਣਾ ਪੱਕਾ ਮੋਰਚਾ ਲਾ ਦਿੱਤਾ ਅਤੇ ਪੰਜਾਬ ਤੇ ਹਰਿਆਣਾ ਵਿਚਕਾਰ ਖਨੌਰੀ ਸਰਹੱਦ ’ਤੇ ਰਾਤ ਬਿਤਾਈ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਹਰਿਆਣਾ ਸਰਕਾਰ ਵੱਲੋਂ ਰੋਕੇ



ਜਾਣ ਤੋਂ ਬਾਅਦ ਹੁਣ ਸੰਯੁਕਤ ਕਿਸਾਨ ਮੋਰਚਾ ਪੰਜਾਬ (ਗ਼ੈਰ-ਸਿਆਸੀ) ਨੇ ਇੱਕ ਅਹਿਮ ਬੈਠਕ 23 ਅਗਸਤ ਨੂੰ 11 ਵਜੇ ਕਿਸਾਨ ਭਵਨ ਚੰਡੀਗੜ੍ਹ ਵਿਖੇ ਸੱਦੀ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਸਤੰਬਰ ਮਹੀਨੇ ਦੇ ਵਿੱਚ ਚੰਡੀਗੜ੍ਹ ਵਿਖੇ ਲੱਗਣ ਵਾਲੇ ਮੋਰਚੇ ਨੂੰ ਲੈ ਕੇ ਰਣਨੀਤੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ 1 ਸਤੰਬਰ ਤੋਂ ਚੰਡੀਗੜ੍ਹ ਦੇ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਮੋਰਚਾ ਲਗਾਇਆ ਜਾਵੇਗਾ। ਆਗੂ ਨੇ ਦੱਸਿਆ ਕਿ ਖਨੌਰੀ ਦੇ ਵਿੱਚ ਜਿੱਥੇ ਕਿਸਾਨਾਂ ਵੱਲੋਂ ਟੈਂਟ ਲਗਾਏ ਜਾ ਰਿਹਾ ਹੈ ਉਸ ਜਗ੍ਹਾ ’ਤੇ ਪੁਲਿਸ ਦੇ ਡੀਐਸਪੀ ਰੈਂਕ ਦੀ ਅਧਿਕਾਰੀ ਪਹੁੰਚੇ ਹਨ ਅਤੇ ਕਿਸਾਨ ਆਗੂਆਂ ਨਾਲ ਮੀਟਿੰਗ ਜਾਰੀ ਹੈ। ਡੱਲੇਵਾਲ ਨੇ ਦੱਸਿਆ ਕਿ ਕਿਸਾਨ ਪੈਦਲ ਅੱਗੇ ਵਧਣ ਲਈ ਰਵਾਨਾ ਹੋਏ ਸਨ, ਪਰ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ ਗਿਆ। ਇਸ ਕਾਰਨ ਉਹ ਖਨੌਰੀ ਵਿਖੇ ਹੀ ਫਸੇ ਹੋਏ ਹਨ। ਉਨ੍ਹਾਂ ਕਿਹਾ, “ਸਾਡਾ ਹਰਿਆਣਾ ਸਰਕਾਰ ਨਾਲ ਕੋਈ ਟਕਰਾਅ ਨਹੀਂ ਹੈ। ਮੈਂ ਹਰਿਆਣਾ ਸਰਕਾਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਅਪੀਲ ਕਰਦਾ ਹਾਂ ਕਿ ਸਾਨੂੰ ਸ਼ਾਂਤੀਪੂਰਨ ਢੰਗ ਨਾਲ ਅੱਗੇ ਵਧਣ ਦਿੱਤਾ ਜਾਵੇ।” ਕਿਸਾਨ ਆਗੂ ਨੇ ਕਿਹਾ ਕਿ ਕਿਸਾਨਾਂ ਦੀਆਂ ਮੁੱਖ ਮੰਗਾਂ ਵਿੱਚ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫ਼ੀ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨਾ ਸ਼ਾਮਲ ਹੈ।




## ਕਬੱਡੀ ਜਗਤ ਨੂੰ ਵੱਡਾ ਝਟਕਾ, ਸੁਪਰਸਟਾਰ ਜਾਫੀ ਰਹੇ ਗੋਰਾ ਸਮਾਲਸਰ ਦੀ ਮੌਤ

**ਮੋਗਾ/ਸਮਾਲਸਰ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਮਾਂ ਖੇਡ ਕਬੱਡੀ ਦੇ ਆਪਣੇ ਸਮੇਂ ਦੇ ਚਰਚਿਤ ਸੁਪਰਸਟਾਰ ਜਾਫੀ ਅਤੇ ਨੀਟੂ ਸਰਪੰਚ ਦੇ ਭਰਾ ਗੋਰਾ ਸਮਾਲਸਰ ਦਾ ਅੱਜ ਦਿਹਾਂਤ ਹੋ ਗਿਆ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਕਬੱਡੀ ਜਗਤ, ਪਿੰਡ ਸਮਾਲਸਰ ਅਤੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ। ਦੱਸਿਆ ਜਾ ਰਿਹਾ ਹੈ ਕਿ ਗੋਰਾ ਸਮਾਲਸਰ ਪਿਛਲੇ 11 ਦਿਨਾਂ ਤੋਂ ਡੀਐੱਮਸੀ ਲੁਧਿਆਣਾ ਵਿਖੇ ਜੇਰੇ ਇਲਾਜ ਸੀ। ਗੋਰਾ ਸਮਾਲਸਰ ਨੇ ਆਪਣੇ ਖੇਡ ਕਰੀਅਰ ਦੌਰਾਨ ਕਬੱਡੀ ਦੇ ਖੇਤਰ ਵਿਚ ਵੱਖਰੀ ਪਛਾਣ ਬਣਾਈ। ਉਹ ਮੁਕਤਸਰ, ਫਰੀਦਕੋਟ ਕਬੱਡੀ ਕਲੱਬ, ਫਰੈਂਡਜ਼ ਕਬੱਡੀ ਕਲੱਬ ਬਾਜਾਖਾਨਾ, ਸ਼ੰਕਰਾਪੁਰੀ ਕਲੱਬ ਅਤੇ ਪੱਤੋ ਹੀਰਾ ਸਿੰਘ ਸਮੇਤ ਕਈ ਨਾਮਵਰ ਕਲੱਬਾਂ ਵੱਲੋਂ ਖੇਡਿਆ। ਆਪਣੀ ਸ਼ਾਨਦਾਰ ਖੇਡ ਅਤੇ ਜਾਫੀ ਵਜੋਂ ਮਜ਼ਬੂਤ ਪ੍ਰਦਰਸ਼ਨ ਸਦਕਾ ਉਸ ਨੇ ਕਈ ਖੇਡ ਮੇਲਿਆਂ ਵਿਚ ਬੈਸਟ ਜਾਫੀ ਦਾ ਖਿਤਾਬ ਵੀ ਹਾਸਲ ਕੀਤਾ। ਸਾਲ 2015 ਵਿਚ ਕੁਝ ਘਰੇਲੂ ਮਜਬੂਰੀਆਂ ਕਾਰਨ ਉਹ ਕੁਝ ਸਮੇਂ ਲਈ ਕਬੱਡੀ ਤੋਂ ਦੂਰ ਹੋ ਗਿਆ। ਹਾਲਾਂਕਿ ਖੇਡ ਪ੍ਰਤੀ ਉਸ ਦਾ ਜਜ਼ਬਾ ਬਰਕਰਾਰ ਰਿਹਾ ਅਤੇ ਮਿਹਨਤ ਕਰਕੇ ਉਸ ਨੇ ਸਾਲ 2018 ਵਿਚ ਮੁੜ ਕਬੱਡੀ ਦੇ ਮੈਦਾਨ ਵਿਚ ਵਾਪਸੀ ਕੀਤੀ। ਵਾਪਸੀ ਤੋਂ ਬਾਅਦ ਉਹ ਆਪਣੇ ਪਿੰਡ ਸਮਾਲਸਰ ਦੀ ਟੀਮ ਤੋਂ ਇਲਾਵਾ ਲੰਡਿਆਂ ਅਤੇ ਰੋਡਿਆਂ ਦੀਆਂ ਟੀਮਾਂ ਲਈ ਵੀ ਮੰਗਵਾਂ ਖਿਡਾਰੀ ਰਿਹਾ। ਗੋਰਾ ਸਮਾਲਸਰ ਦੀ ਕਬੱਡੀ ਜਗਤ ਵਿਚ ਰਹੀ ਦੇਣ ਨੂੰ ਖੇਡ ਪ੍ਰੇਮੀ ਹਮੇਸ਼ਾ ਯਾਦ ਰੱਖਣਗੇ। ਉਸ ਦੇ ਦੇਹਾਂਤ ਨਾਲ ਪਰਿਵਾਰ ਨੂੰ ਹੀ ਨਹੀਂ, ਸਗੋਂ ਕਬੱਡੀ ਜਗਤ ਅਤੇ ਪੂਰੇ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਹੋਟਲ ’ਚ ਅੱਗ ਲੱਗਣ ਕਾਰਨ ਸੁੱਤੇ ਪਏ 7 ਲੋਕਾਂ ਦੀ ਮੌਤ, 9 ਜ਼ਖਮੀ

**ਕੋਲਕਾਤਾ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਦੇ ਇੱਕ ਹੋਟਲ ਵਿੱਚ ਸੋਮਵਾਰ ਸਵੇਰੇ ਅੱਗ ਲੱਗ ਗਈ। ਇਸ ਘਟਨਾ ਵਿੱਚ 7 ਲੋਕਾਂ ਦੀ ਮੌਤ ਹੋ ਗਈ ਅਤੇ 9 ਹੋਰ ਗੰਭੀਰ ਜ਼ਖਮੀ ਹੋ ਗਏ। ਅੱਗ ਲੱਗਣ ਦਾ ਕਾਰਨ ਏਅਰ ਕੰਡੀਸ਼ਨਰ ਵਿੱਚ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ, ਸਾਵਣ ਸੋਮਵਾਰ ਦੇ ਚਲਦਿਆਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਤਾਰਾਪੀਠ ਮੰਦਰ ਪਹੁੰਚੇ ਸਨ। ਬਹੁਤ ਸਾਰੇ ਬਿਦਿਸ਼ਨੀ ਹੋਟਲ ਵਿੱਚ ਠਹਿਰੇ ਹੋਏ ਸਨ। ਸਵੇਰੇ 4:30 ਵਜੇ ਦੇ ਕਰੀਬ, ਜਦੋਂ ਲੋਕ ਸੌਂ ਰਹੇ ਸਨ, ਹੋਟਲ ਦੀ ਪਹਿਲੀ ਮੰਜ਼ਿਲ ’ਤੇ ਅੱਗ ਲੱਗ ਗਈ। ਪਿਛਲਾ ਦਰਵਾਜ਼ਾ ਬੰਦ ਸੀ, ਜਿਸ ਕਾਰਨ ਲੋਕ ਤੁਰੰਤ ਬਾਹਰ ਨਹੀਂ ਨਿਕਲ ਸਕੇ। ਇੱਕ ਹੋਰ ਔਰਤ ਨੇ ਦੱਸਿਆ ਕਿ ਉਹ ਐਤਵਾਰ ਦੁਪਹਿਰ ਨੂੰ ਪੂਜਾ ਵਿੱਚ ਸ਼ਾਮਲ ਹੋਣ ਲਈ



ਦੱਖਣੀ 24 ਪਰਗਨਾ ਤੋਂ ਆਈ ਸੀ। ਉਸਦੀ ਮਾਂ ਅਤੇ ਬੱਚੇ ਉਸਦੇ ਨਾਲ ਸਨ। ਉਸਦੀ ਮਾਂ ਕਮਰਾ ਨੰਬਰ ਇੱਕ ਵਿੱਚ ਸੀ। ਹੁਣ, ਉਸਦੀ ਮਾਂ ਅਤੇ ਦੋ ਬੱਚੇ ਨਹੀਂ ਮਿਲ ਰਹੇ। ਹਾਦਸੇ ਵਿੱਚ ਬਚੀ ਕੋਲਕਾਤਾ ਦੀ ਇੱਕ ਔਰਤ ਨੇ ਦੱਸਿਆ, “ਅਚਾਨਕ ਪੂਰਾ ਹੋਟਲ ਧੂੰਏਂ ਨਾਲ ਭਰ ਗਿਆ। ਅਸੀਂ ਸਾਹ ਨਹੀਂ ਲੈ ਪਾ ਰਹੇ ਸੀ ਅਤੇ ਬਚਣ ਦਾ ਰਸਤਾ ਲੱਭਣਾ ਮੁਸ਼ਕਲ ਸੀ।” 13 ਵਿੱਚ ਸ਼ਾਰਟ ਸਰਕਟ ਕਾਰਨ ਕਰੰਟ ਅਚਾਨਕ ਵੱਧ ਸਕਦਾ ਹੈ। ਇਸ ਨਾਲ ਏਸੀ ਵਾਇਰਿੰਗ ਵਿੱਚ ਇਨਸੂਲੇਸ਼ਨ ਗਰਮ ਹੋ ਸਕਦਾ ਹੈ ਅਤੇ ਸੜ ਸਕਦਾ ਹੈ, ਜਿਸ ਨਾਲ ਤਾਰਾਂ ਸੰਪਰਕ ਵਿੱਚ ਆ ਸਕਦੀਆਂ ਹਨ। ਚੰਗਿਆੜੀਆਂ ਅੱਗ ਦਾ ਖ਼ਤਰਾ ਪੈਦਾ ਕਰ ਸਕਦੀਆਂ ਹਨ। ਤਾਰਾਪੀਠ ਮੰਦਿਰ ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਵਿੱਚ ਸਥਿਤ ਦੇਵੀ ਤਾਰਾ ਨੂੰ ਸਮਰਪਿਤ ਇੱਕ ਮਸ਼ਹੂਰ ਮੰਦਰ ਹੈ। ਇਹ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ। ਮੂਰਤੀ ਵਿੱਚ ਦੇਵੀ ਤਾਰਾ ਦੀ ਗੋਦ ਵਿੱਚ ਭਗਵਾਨ ਸ਼ਿਵ ਨੂੰ ਦਿਖਾਇਆ ਗਿਆ ਹੈ। ਦਿਨ ਵੇਲੇ ਸੋਨੇ ਦਾ ਮਖੌਟਾ ਲਗਾਇਆ ਜਾਂਦਾ ਹੈ, ਜਿਸਨੂੰ ਰਾਤ ਨੂੰ ਹਟਾ ਦਿੱਤਾ ਜਾਂਦਾ ਹੈ।

## 2027 ਤੋਂ ਪਹਿਲਾਂ ਬੀਜੇਪੀ ਦੀ ਨਵੀਂ ਟੀਮ ਦਾ ਐਲਾਨ, ਮਨਪ੍ਰੀਤ ਸਿੰਘ ਬਾਦਲ ਤੇ ਤਰੁਣ ਚੁੱਘ ਨੂੰ ਮਿਲੀ ਇਹ ਜ਼ਿੰਮੇਵਾਰੀ





**ਚੰਡੀਗੜ੍ਹ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨਿਤਿਨ ਨਵੀਨ ਦੀ ਨਵੀਂ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ। ਭਾਜਪਾ ਦੀ ਨਵੀਂ ਟੀਮ ਵਿੱਚ 13 ਰਾਸ਼ਟਰੀ ਉਪ ਪ੍ਰਧਾਨ ਅਤੇ ਅੱਠ ਜਨਰਲ ਸਕੱਤਰ ਸ਼ਾਮਲ ਹਨ। ਜਾਰੀ ਕੀਤੀ ਗਈ ਲਿਸਟ ’ਚ ਬੀਜੇਪੀ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਨੈਸ਼ਨਲ ਵਾਈਸ ਪ੍ਰੇਸਿਡੈਂਟ ਬਣਾਇਆ ਗਿਆ ਹੈ। ਇਨ੍ਹਾਂ ਤੋਂ ਇਲਾਵਾ ਪੰਜਾਬ ਤੋਂ ਹੀ ਤਰੁਣ ਚੁੱਘ ਨੂੰ ਮੁੱਖ ਦਫਤਰ ਇੰਚਾਰਜ ਐਲਾਨਿਆ ਹੈ। ਇਨ੍ਹਾਂ ਤੋਂ ਇਲਾਵਾ ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੂੰ ਰਾਸ਼ਟਰੀ ਉਪ ਪ੍ਰਧਾਨ, ਰਾਮ ਮਾਧਵ ਨੂੰ ਰਾਸ਼ਟਰੀ ਉਪ ਪ੍ਰਧਾਨ, ਸਮ੍ਰਿਤੀ ਈਰਾਨੀ ਨੂੰ ਜਨਰਲ ਸਕੱਤਰ, ਬੀਐਲ ਸੰਤੋਸ਼ ਨੂੰ ਰਾਸ਼ਟਰੀ ਜਨਰਲ ਸਕੱਤਰ ਅਤੇ ਹਰੀਸ਼ ਦਿਵੇਦੀ ਨੂੰ ਰਾਸ਼ਟਰੀ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਨਿਤਿਨ ਨਵੀਨ ਦੀ ਟੀਮ ਵਿੱਚ ਵਸੁੰਧਰਾ ਰਾਜੇ ਸਿੰਧੀਆ, ਤੀਰਥ ਸਿੰਘ ਰਾਵਤ, ਰਾਮ ਮਾਧਵ, ਬੈਜੰਤ ਜੈ ਪਾਂਡਾ, ਡੀ. ਪੁਰੰਦੇਸ਼ਵਰੀ, ਰੇਖਾ ਵਰਮਾ, ਵਰਸ਼ਾਬੇਨ ਨਰੇਂਦਰਭਾਈ ਦੋਸ਼ੀ, ਭਾਰਤੀ ਪ੍ਰਵੀਨ ਪਵਾਰ, ਮਨਪ੍ਰੀਤ ਸਿੰਘ ਬਾਦਲ, ਲਾਲ ਸਿੰਘ ਆਰੀਆ, ਐਮ. ਨਾਗਰਾਜ, ਤਾਰਿਕ ਮਨਸੂਰ, ਅਤੇ ਮਧੂਚੰਦਰ ਰਾਸ਼ਟਰੀ ਪ੍ਰਧਾਨ ਵਜੋਂ ਸ਼ਾਮਲ ਹਨ। ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬ ਤੋਂ ਉੱਪ ਪ੍ਰਧਾਨ ਐਲਾਨਿਆ ਗਿਆ ਹੈ। ਭਾਜਪਾ ਨੇ ਕਵਿਤਾ ਪਾਟੀਦਾਰ, ਕੇ. ਸੁਰੇਂਦਰਨ, ਡਾ: ਭੋਲਾ ਸਿੰਘ, ਡਾ: ਪ੍ਰਦੀਪ ਵਰਮਾ, ਸੰਦੀਪ ਪਾਠਕ, ਫਾਂਗਨੋਨ ਕੋਨਯਕ, ਸੰਗੀਤਾ ਯਾਦਵ, ਅਨਿਲ ਐਂਟਨੀ, ਡਾ. ਐਮ. ਵੈਂਕਟੇਸ਼ਨ, ਮਨੋਜ ਤਿੱਗਾ ਅਤੇ ਸਿਧਾਰਥ ਸ਼ੰਭੂ ਨੂੰ ਰਾਸ਼ਟਰੀ ਜਨਰਲ ਸਕੱਤਰ ਨਿਯੁਕਤ ਕੀਤਾ ਹੈ।

## ਮੰਦਿਰ ’ਚ ਵੱਡਾ ਹਾਦਸਾ, ਭਗਦੜ ’ਚ 7 ਲੋਕਾਂ ਦੀ ਮੌਤ, ਕਈ ਜ਼ਖ਼ਮੀ

**ਚੰਡੀਗੜ੍ਹ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਬਿਹਾਰ ਦੇ ਅਸ਼ੋਕ ਧਾਮ ਮੰਦਿਰ ਤੋਂ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਲਖੀਸਰਾਏ ਜ਼ਿਲ੍ਹੇ ਵਿੱਚ ਸੋਮਵਾਰ ਨੂੰ ਮਸ਼ਹੂਰ ਅਸ਼ੋਕ ਧਾਮ ਮੰਦਿਰ ’ਚ ਸਵੇਰੇ ਭਾਰੀ ਭੀੜ ਕਾਰਨ ਭਗਦੜ ਮੱਚ ਗਈ, ਜਿਸ ਵਿੱਚ 7 ਲੋਕਾਂ ਦੀ ਮੌਤ ਹੋ ਗਈ ਹੈ। ਨਾਲ ਹੀ ਭੀੜ ਹੇਠਾਂ ਦੱਬੇ ਜਾਣ ਕਾਰਨ ਕਈ ਲੋਕ ਜ਼ਖ਼ਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਸਾਵਣ ਮਹੀਨੇ ਦਾ ਤੀਜਾ ਸੋਮਵਾਰ ਹੋਣ ਕਾਰਨ, ਮੰਦਰ ਵਿੱਚ ਪਹਿਲਾਂ ਹੀ ਭੀੜ ਸੀ, ਪਰ ਸਵੇਰੇ ਅਚਾਨਕ ਭਗਦੜ ਮੱਚ ਗਈ। ਲਖੀਸਰਾਏ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਇਹ ਹਾਦਸਾ ਸਵੇਰੇ ਮੰਦਰ ਵਿੱਚ ਭੀੜ ਵਿੱਚ ਅਚਾਨਕ ਵਾਧੇ ਕਾਰਨ ਹੋਇਆ। ਜਿਵੇਂ ਹੀ ਲੋਕਾਂ ਨੇ ਇੱਕ-ਦੂਜੇ ਤੋਂ ਅੱਗੇ ਵਧਣ ਕੋਸ਼ਿਸ਼ ਕੀਤੀ, ਬੈਰੀਕੇਡ ਟੁੱਟ ਗਏ, ਜਿਸ ਨਾਲ



ਹਫੜਾ-ਦਫੜੀ ਮਚ ਗਈ ਅਤੇ ਭਗਦੜ ਮਚ ਗਈ। ਲਖੀਸਰਾਏ ਦੇ ਜ਼ਿਲ੍ਹਾ ਮੈਜਿਸਟ੍ਰੇਟ ਸ਼ੈਲੇਂਦਰ ਕੁਮਾਰ ਨੇ ਕਿਹਾ ਕਿ ਮੰਦਰ ਵਿੱਚ ਸ਼ਰਧਾਲੂਆਂ ਦੀ ਭੀੜ ਸਵੇਰ ਤੋਂ ਹੀ ਵੱਧ ਰਹੀ ਸੀ। ਮੈਂ ਖੁਦ ਸਵੇਰੇ 3 ਵਜੇ ਤੋਂ ਉੱਥੇ ਸੀ। ਦੋ ਰੇਲਗੱਡੀਆਂ ਇੱਕੋ ਸਮੇਂ ਸਟੇਸ਼ਨ ’ਤੇ ਆਈਆਂ, ਜਿਸ ਕਾਰਨ ਮੰਦਰ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਸਵੇਰੇ 6:30 ਵਜੇ ਤੋਂ ਬਾਅਦ, ਭੀੜ ਤੇਜ਼ੀ ਨਾਲ ਵਧਦੀ ਰਹੀ। ਬੈਰੀਕੇਡ ਟੁੱਟਣ ਤੋਂ ਬਾਅਦ ਭਗਦੜ ਮਚ ਗਈ। ਮੌਕੇ ’ਤੇ ਮੌਜੂਦ ਭੀੜ ਹੇਠ ਫਸੇ ਲੋਕਾਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ, ਅਤੇ ਬਾਹਰ ਖੜ੍ਹੀਆਂ ਐਂਬੂਲੈਂਸਾਂ ਨੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ। ਦਰਅਸਲ, ਸਾਵਣ ਦਾ ਤੀਜਾ ਸੋਮਵਾਰ ਹੋਣ ਕਰਕੇ, ਵੱਡੀ ਗਿਣਤੀ ਵਿੱਚ ਸ਼ਰਧਾਲੂ ਸਵੇਰੇ ਜਲਦੀ ਹੀ ਅਸ਼ੋਕ ਧਾਮ ਮੰਦਰ ਵਿੱਚ ਜਲਭਿਸ਼ੇਕ ਕਰਨ ਲਈ ਪਹੁੰਚੇ। ਇਨ੍ਹਾਂ ਸ਼ਰਧਾਲੂਆਂ ਵਿੱਚੋਂ ਜ਼ਿਆਦਾਤਰ ਔਰਤਾਂ ਸਨ। ਲਖੀਸਰਾਏ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਮੰਦਰ ਪ੍ਰਸ਼ਾਸਨ ਵੱਲੋਂ ਪ੍ਰਬੰਧ ਕੀਤੇ ਗਏ ਸਨ, ਪਰ ਭੀੜ ਤੇਜ਼ੀ ਨਾਲ ਵੱਧ ਰਹੀ ਸੀ। ਘਟਨਾ ਦੀ ਜਾਣਕਾਰੀ ਮਿਲਣ ’ਤੇ, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਇੱਕ ਟੀਮ ਮੌਕੇ ’ਤੇ ਪਹੁੰਚੀ, ਅਤੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕੀਤੇ ਗਏ। ਸਥਿਤੀ ਨੂੰ ਕਾਬੂ ਕਰਨ ਲਈ ਤੁਰੰਤ ਯਤਨ ਕੀਤੇ ਗਏ ਅਤੇ ਲੋਕਾਂ ਨੂੰ ਮੰਦਰ ਤੋਂ ਬਾਹਰ ਕੱਢਿਆ ਗਿਆ। ਐਸਡੀਪੀਓ ਸ਼ਿਵਮ ਕੁਮਾਰ ਨੇ ਦੱਸਿਆ ਕਿ ਲਖੀਸਰਾਏ ਦੇ ਅਸ਼ੋਕ ਧਾਮ ਮੰਦਰ ਵਿੱਚ ਭਗਦੜ ਮਚਣ ਕਾਰਨ ਸੱਤ ਲੋਕਾਂ ਦੀ ਮੌਤ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇੱਕ ਬਿਜਲੀ ਦਾ ਖੰਭਾ ਡਿੱਗ ਗਿਆ ਅਤੇ ਲੋਕਾਂ ਨੂੰ ਕਰੰਟ ਲੱਗ ਗਿਆ, ਜਿਸ ਕਾਰਨ ਭਗਦੜ ਮਚੀ। ਪੂਰੀ ਜਾਂਚ ਤੋਂ ਬਾਅਦ ਹੀ ਅਸੀਂ ਸਹੀ ਕਾਰਨ ਦਾ ਪਤਾ ਲਗਾ ਸਕਾਂਗੇ। ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਲੌਂਗੋਵਾਲ ਵਿਚ ਕਾਨਫਰੰਸ ਲਈ ਰਾਖਵੀਂ ਥਾਂ ਪੁਨਰ ਸੁਰਜੀਤ ਦਲ ਨੂੰ ਅਲਾਟ ਕਰਨ ਦੀ ਨਿਖੇਧੀ

**ਚੰਡੀਗੜ੍ਹ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਨੇ ਅੱਜ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਪਾਰਟੀ ਵੱਲੋਂ ਹਰ ਸਾਲ ਕਰਵਾਈ ਜਾਂਦੀ ਕਾਨਫਰੰਸ ਦੇ ਰਾਹ ਵਿਚ ਅੜਿਕੇ ਖੜ੍ਹੇ ਕਰਨ ਦੀ ਨਿਖੇਧੀ ਕੀਤੀ ਹੈ ਤੇ ਕਿਹਾ ਹੈ ਕਿ ਸਰਕਾਰ ਇਸ ਵਾਸਤੇ ਉਹ ਪੁਨਰ ਸੁਰਜੀਤ ਦਲ ਨਾਲ ਰਲ ਕੇ ਕੰਮ ਕਰ ਰਹੀ ਹੈ ਜਦੋਂ ਕਿ ਅਕਾਲੀ ਦਲ ਨੇ ਪਹਿਲਾਂ ਹੀ ਕਾਨਫਰੰਸ ਵਾਲੀ ਥਾਂ ਦੀ ਬੁਕਿੰਗ ਕਰਵਾਈ ਹੈ ਤੇ ਇਸ ਵਾਸਤੇ ਲੋੜੀਂਦੀ ਫੀਸ ਵੀ ਜਮ੍ਹਾਂ ਕਰਵਾ ਦਿੱਤੀ ਹੋਈ ਹੈ। ਇਥੇ ਜਾਰੀ ਕੀਤੇ ਇਕ ਬਿਆਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ



ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਨੇ 20 ਅਗਸਤ ਨੂੰ ਲੌਂਗੋਵਾਲ ਦੀ ਅਨਾਜ ਮੰਡੀ ਵਿਚ ਹੋਣ ਵਾਲੀ ਕਾਨਫਰੰਸ ਲਈ ਪ੍ਰਵਾਨਗੀ ਵਾਸਤੇ ਅਪ੍ਰੈਲ ਮਹੀਨੇ ਵਿਚ ਹੀ ਅਪਲਾਈ ਕਰ ਦਿੱਤਾ ਸੀ। ਉਹਨਾਂ ਕਿਹਾ ਕਿ ਭਾਵੇਂ ਅਨਾਜ ਮੰਡੀ ਸ਼ੈਡ ਹੇਠਾਂ ਹੋਣ ਵਾਲੀ ਕਾਨਫਰੰਸ ਲਈ ਫੀਸ ਵੀ ਜਮ੍ਹਾਂ ਕਰਵਾ ਦਿੱਤੀ ਗਈ ਪਰ ਹੁਣ ਆਪ ਦੇ ਮੰਤਰੀ ਅਮਨ ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ’ਤੇ ਪੁਨਰ ਸੁਰਜੀਤ ਦਲ ਤੋਂ ਤਾਜ਼ਾ ਅਰਜ਼ੀ ਲੈ ਲਈ ਗਈ ਤੇ ਅਕਾਲੀ ਦਲ ਦੀ ਕਾਨਫਰੰਸ ਲਈ ਰਾਖਵੀਂ ਥਾਂ ਪੁਨਰ ਸੁਰਜੀਤ ਦਲ ਨੂੰ ਅਲਾਟ ਕਰ ਦਿੱਤੀ ਗਈ। ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਆਪ ਸਰਕਾਰ ਤੇ ਪੁਨਰ ਸੁਰਜੀਤ ਦਲ ਰਲ ਕੇ ਕੰਮ ਕਰ ਰਹੇ ਹਨ, ਇਹ ਗੱਲ ਹੁਣ ਜੱਗ ਜ਼ਾਹਰ ਹੈ। ਉਹਨਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਪੁਨਰ ਸੁਰਜੀਤ ਦਲ ਤੋਂ ਦੋ ਦਿਨ ਪਹਿਲਾਂ 15 ਅਗਸਤ ਨੂੰ ਅਰਜ਼ੀ ਲਈ ਗਈ ਤੇ ਫੈਸਲੇ ਵੀ ਉਸੇ ਦਿਨ ਕਰ ਲਿਆ ਗਿਆ। ਅਕਾਲੀ ਆਗੂ ਨੇ ਇਸ ਫੈਸਲੇ ਨੂੰ ਧੱਕੇਸ਼ਾਹੀ ਤੇ ਵਿਤਕਰੇ ਭਰਪੂਰ ਕਰਾਰ ਦਿੱਤਾ ਤੇ ਕਿਹਾ ਕਿ ਪਾਰਟੀ ਇਸ ਗੈਰ ਲੋਕਤੰਤਰੀ ਫੈਸਲੇ ਦੇ ਖਿਲਾਫ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਕੋਲ ਪਹੁੰਚ ਕਰੇਗੀ ਅਤੇ ਨਿਆਂ ਮੰਗੇਗੀ ਤੇ ਕਾਨਫਰੰਸ ਮਿਥੇ ਪ੍ਰੋਗਰਾਮ ਮੁਤਾਬਕ ਕਰਵਾਉਣ ਇਸਦੇ ਵਾਜਬ ਅਧਿਕਾਰ ਦੀ ਰਾਖੀ ਦੀ ਮੰਗ ਕਰੇਗੀ। ਉਹਨਾਂ ਇਹ ਵੀ ਐਲਾਨ ਕੀਤਾ ਕਿ ਜੇਕਰ ਆਪ ਸਰਕਾਰ ਨਾ ਟਲੀ ਤਾਂ ਫਿਰ ਅਕਾਲੀ ਦਲ ਸਰਕਾਰੀ ਸੱਤਾ ਦੀ ਇਸ ਘੋਰ ਦੁਰਵਰਤੋਂ ਦੇ ਖਿਲਾਫ ਰੋਸ ਮੁਜ਼ਾਹਰਾ ਵੀ ਕਰੇਗਾ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

## 21, 22 ਅਤੇ 23 ਅਗਸਤ

☛ ਪੁਰਾਤਨ ਮਰਿਯਾਦਾ ਅਨੁਸਾਰ 25 ਸਿੰਘ ਲਾ ਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ ਹੋਵੇਗੀ

☛ ਸਲਾਨਾ ਬਰਸੀ ਸੱਚਖੰਡ ਵਾਸੀ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ਼ੁੱਕਰਵਾਰ 21 ਅਗਸਤ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ, ਸ਼ਨਿੱਚਰਵਾਰ 22 ਅਗਸਤ ਸ਼ਾਮ 5 ਤੋਂ ਸਾਢੇ 8 ਵਜੇ ਤੱਕ ਦੀਵਾਨ ਸਜਣਗੇ

ਐਤਵਾਰ 23 ਅਗਸਤ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ, ਕੀਰਤਨੀ ਜਥਾ,ਕਵੀਸ਼ਰੀ ਤੇ ਢਾਡੀ ਸਿੰਘ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

### ⋆ ਗੁਰੂ ਪੰਥ ਦੇ ਦਾਸਰੇ ⋆

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com


Call+393475711755 / 3208124778

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਪਹਿਲੀ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA
WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ
Learn Gatka

www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

**1 ਨਵੰਬਰ 2026, ਦਿਨ ਐਤਵਾਰ ਨੂੰ**

ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**
ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ
84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV




# ਬੰਦੀ ਸਿੰਘ ਮੋਰਚੇ 'ਤੇ ਕਾਰਵਾਈ ਨੂੰ ਲੈ ਕੇ ਅਕਾਲੀ ਦਲ ਪੁਨਰਸੁਰਜੀਤ ਨੇ ਘੇਰੀ ਸਰਕਾਰ

**ਚੰਡੀਗੜ੍ਹ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਬੰਦੀ ਸਿੰਘ ਰਿਹਾਈ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ ਕੀਤੇ ਗਏ ਰੋਸ ਪ੍ਰਦਰਸ਼ਨ ਦੌਰਾਨ ਪੁਲਿਸ ਵੱਲੋਂ ਦਰਜ ਕੀਤੀਆਂ ਚਾਰ ਐੱਫ.ਆਈ.ਆਰਾਂ ਅਤੇ 17 ਗ੍ਰਿਫ਼ਤਾਰੀਆਂ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ। ਪੁਲਿਸ ਵੱਲੋਂ ਵੱਖ-ਵੱਖ ਘਟਨਾਵਾਂ ਸਬੰਧੀ ਕਾਨੂੰਨ-ਵਿਵਸਥਾ ਵਿੱਚ ਵਿਘਨ, ਪ੍ਰਸ਼ਾਸਨਿਕ ਹੁਕਮਾਂ ਦੀ ਉਲੰਘਣਾ, ਪੁਲਿਸ ਦੇ ਕੰਮ ਵਿੱਚ ਰੁਕਾਵਟ, ਬੈਰੀਕੇਡ ਤੋੜਨ ਅਤੇ ਹਥਿਆਰ ਲਹਿਰਾਉਣ ਸਮੇਤ ਵੱਖ-ਵੱਖ ਦੋਸ਼ਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ। ਇਸ ਕਾਰਵਾਈ ਦੀ ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਨੇ ਸਖ਼ਤ ਨਿਖੇਧੀ ਕਰਦਿਆਂ ਕੇਂਦਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਟਕਰਾਅ ਦਾ ਰਸਤਾ ਛੱਡ ਕੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਅਪੀਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਨੌਰਥ ਵਿੱਚ FIR ਨੰਬਰ 97 ਪੰਜਾਬ ਲੋਕ ਭਵਨ, ਸੈਕਟਰ-6 ਦੇ ਨੇੜੇ ਵਾਪਰੀ ਘਟਨਾ ਦੇ ਸਬੰਧ ਵਿੱਚ ਦਰਜ ਕੀਤੀ ਗਈ। ਪੁਲਿਸ ਅਨੁਸਾਰ ਕਾਨੂੰਨ-ਵਿਵਸਥਾ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਵਿੱਚ ਇਮਾਨ ਸਿੰਘ ਮਾਨ, ਰਛਪਾਲ ਸਿੰਘ, ਸੰਤ ਬਾਬਾ ਚਰਨਜੀਤ ਸਿੰਘ, ਜਤਿੰਦਰ ਸਿੰਘ, ਜਸਵੀਰ ਸਿੰਘ, ਗੁਰਪੰਥ ਸਿੰਘ, ਮਨਦੀਪ ਕੌਰ ਅਤੇ ਰਾਜਿੰਦਰ ਕੌਰ ਸਰਾਂ ਦੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਥਾਣਾ ਸੈਕਟਰ-36 ਵਿੱਚ FIR ਨੰਬਰ 137 ਮਟੌਰ ਬੈਰੀਅਰ 'ਤੇ ਹੋਈ ਘਟਨਾ ਦੇ ਸਬੰਧ ਵਿੱਚ ਦਰਜ ਕੀਤੀ ਗਈ। ਪੁਲਿਸ ਵੱਲੋਂ ਦਰਜ ਮਾਮਲੇ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਪ੍ਰਦਰਸ਼ਨਕਾਰੀਆਂ ਵੱਲੋਂ ਤਲਵਾਰਾਂ, ਕੁਹਾੜੀ ਅਤੇ ਭਾਲਿਆਂ ਵਰਗੇ ਹਥਿਆਰ ਲਹਿਰਾਏ ਗਏ, ਬੈਰੀਕੇਡ ਤੋੜੇ ਗਏ ਅਤੇ ਰਸਤਾ ਜਾਮ ਕੀਤਾ ਗਿਆ। ਇਸ ਮਾਮਲੇ ਵਿੱਚ ਬਾਪੂ ਗੁਰਚਰਨ ਸਿੰਘ, ਲੱਖਾ ਸਿਧਾਣਾ, ਸੁਰਜੀਤ ਫੂਲ, ਭਾਨਾ ਸਿੱਧੂ, ਅਮਿਤੋਜ ਮਾਨ ਅਤੇ ਨਵਦੀਪ ਜਲਬੇੜਾ ਸਮੇਤ ਹੋਰਨਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM
International Newspaper & WEB TV



ਥਾਣਾ ਨੌਰਥ ਦੀ FIR ਨੰਬਰ 96 ਹੀਰਾ ਸਿੰਘ ਚੌਂਕ ਨਾਲ ਸਬੰਧਤ ਹੈ। ਪੁਲਿਸ ਅਨੁਸਾਰ ਇਸ ਮਾਮਲੇ ਵਿੱਚ ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਅਤੇ ਪੁਲਿਸ ਦੇ ਕੰਮ ਵਿੱਚ ਰੁਕਾਵਟ ਪਾਉਣ ਦੇ ਦੋਸ਼ ਲਗਾਏ ਗਏ ਹਨ। ਕੇਸ ਵਿੱਚ ਸਿਮਰਨਜੀਤ ਸਿੰਘ ਮਾਨ, ਦਪਿੰਦਰ ਪ੍ਰਤਾਪ ਸਿੰਘ, ਗੋਪਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਦੇ ਨਾਮ ਦਰਜ ਕੀਤੇ ਗਏ ਹਨ।

ਚੌਥਾ ਮਾਮਲਾ ਥਾਣਾ ਈਸਟ ਸੈਕਟਰ-26 ਵਿੱਚ FIR ਨੰਬਰ 106 ਤਹਿਤ ਦਰਜ ਕੀਤਾ ਗਿਆ। ਵੇਰਵਿਆਂ ਮੁਤਾਬਕ ਸੈਕਟਰ-7/8 ਦੀ ਡਿਵਾਈਡਿੰਗ ਰੋਡ 'ਤੇ ਚੈਕਿੰਗ ਦੌਰਾਨ ਦੋ ਸ਼ੱਕੀ ਵਾਹਨਾਂ—KIA ਅਤੇ Innova—ਵਿੱਚੋਂ ਚਾਰ ਤਲਵਾਰਾਂ ਬਰਾਮਦ ਹੋਣ ਦਾ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਲੁਧਿਆਣਾ ਨਾਲ ਸਬੰਧਤ ਨੌਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਦੇ ਮੁੱਖ ਬੁਲਾਰੇ ਅਤੇ ਸੀਨੀਅਰ ਮੀਤ ਪ੍ਰਧਾਨ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੀਤੀ ਗਈ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਰਿਹਾਈ ਮੋਰਚੇ ਦੇ ਪ੍ਰਬੰਧਕ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਸ਼ਾਂਤਮਈ ਢੰਗ ਨਾਲ ਆਪਣਾ ਸੰਘਰਸ਼ ਕਰਦੇ ਆ ਰਹੇ ਹਨ ਅਤੇ ਪ੍ਰਸ਼ਾਸਨ ਨੂੰ ਇਸ ਮਾਮਲੇ ਵਿੱਚ ਟਕਰਾਅ ਦਾ ਰਸਤਾ ਅਪਣਾਉਣ ਦੀ ਬਜਾਏ ਸੰਵਾਦ ਰਾਹੀਂ ਹੱਲ ਲੱਭਣਾ ਚਾਹੀਦਾ ਹੈ।

ਪੀਰ ਮੁਹੰਮਦ ਨੇ ਕਿਹਾ ਕਿ ਐੱਫ.ਆਈ.ਆਰਾਂ ਦਰਜ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨਾਲ ਜੁੜੇ ਸੰਘਰਸ਼ ਨੂੰ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਕੇਂਦਰ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਮੋਰਚੇ ਦੀਆਂ ਜਾਇਜ਼ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ ਅਤੇ ਮਸਲੇ ਨੂੰ ਹੋਰ ਲਟਕਾਉਣ ਦੀ ਬਜਾਏ ਇਸ ਦਾ ਹੱਲ ਕੱਢਿਆ ਜਾਵੇ।

ਕਰਨੈਲ ਸਿੰਘ ਪੀਰ ਮੁਹੰਮਦ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਭਾਈ ਜਗਤਾਰ ਸਿੰਘ ਹਵਾਰਾ ਨੂੰ ਘੱਟੋ-ਘੱਟ 10 ਦਿਨ ਦੀ ਪੈਰੋਲ ਦੇਣ ਬਾਰੇ ਬਿਨਾਂ ਕਿਸੇ ਦੇਰੀ ਦੇ ਵਿਚਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨਾਲ ਸਬੰਧਤ ਮਾਮਲਿਆਂ ਨੂੰ ਲੰਬੇ ਸਮੇਂ ਤੱਕ ਲਟਕਾਉਣ ਦੀ ਬਜਾਏ ਮੋਰਚੇ ਦੀਆਂ ਜਾਇਜ਼ ਮੰਗਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਪੰਥਕ ਏਕਤਾ ਦੀ ਅਪੀਲ ਕਰਦਿਆਂ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਪੰਥ ਅੰਦਰ ਏਕਤਾ ਦੀ ਬੇਹੱਦ ਲੋੜ ਹੈ। ਉਨ੍ਹਾਂ ਕਿਹਾ ਕਿ ਗੁਰਮਤਿ ਦੀ ਰੌਸ਼ਨੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਦੇ ਮਿਸ਼ਨ ਨੂੰ ਲੈ ਕੇ ਅੱਗੇ ਵਧਣਾ ਚਾਹੀਦਾ ਹੈ।

15 ਅਗਸਤ ਦੇ ਸੰਦਰਭ ਵਿੱਚ ਪੀਰ ਮੁਹੰਮਦ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਅਤੇ ਸਿੱਖਾਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਆਜ਼ਾਦੀ ਦਾ ਅਨੰਦ ਮਾਣ ਰਿਹਾ ਹੈ, ਪਰ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਅੰਗਰੇਜ਼ਾਂ ਵਾਲੀ ਨੀਤੀ ਅਪਣਾ ਕੇ ਪੰਜਾਬੀਆਂ ਅਤੇ ਸਿੱਖਾਂ ਨੂੰ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਮੌਜੂਦਾ ਤਣਾਅ ਨੂੰ ਹੋਰ ਵਧਾਉਣ ਦੀ ਬਜਾਏ ਸਾਰੇ ਪੱਖਾਂ ਨਾਲ ਗੱਲਬਾਤ ਕੀਤੀ ਜਾਵੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਨਾਲ ਜੁੜੇ ਮਸਲੇ ਦਾ ਕਾਨੂੰਨੀ ਅਤੇ ਸੰਵਿਧਾਨਕ ਢੰਗ ਨਾਲ ਹੱਲ ਲੱਭਿਆ ਜਾਵੇ।

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੱਦਾ-ਪੱਤਰ
ੴ ਸਤਿਗੁਰ ਪ੍ਰਸਾਦਿ ॥
ਸ਼ਹੀਦ ਬਾਬਾ ਬੇਅੰਤ ਸਿੰਘ ਜੀ ਦੀ ਯਾਦ ਵਿੱਚ
ਗੁ: ਸ਼ਹੀਦਾਂ ਸਿੰਘਾਂ ਮੇਨ ਰੋਡ ਪਿੰਡ ਚੌਹੜਾ-ਡਘਾਮ (ਕੋਟ ਪੱਲੀਆਂ) ਵਿਖੇ
ਮਿਤੀ 22 ਅਗਸਤ 2026 ਦਿਨ ਸ਼ਨੀਵਾਰ ਨੂੰ
ਬਰਸੀ ਸਮਾਗਮ
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਬਰਸੀ ਸਮਾਗਮ ਵਿੱਚ ਆਪ ਜੀ ਨੇ ਪਰਿਵਾਰ ਅਤੇ ਵੱਧ ਤੋਂ ਵੱਧ ਸੰਗਤਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
20 ਅਗਸਤ ਦਿਨ ਵੀਰਵਾਰ ਨੂੰ ਅਰੰਭ ਸ੍ਰੀ ਅਖੰਡਪਾਠ ਸਾਹਿਬ ਜੀ
22 ਅਗਸਤ ਦਿਨ ਸ਼ਨੀਵਾਰ ਨੂੰ ਭੋਗ ਉਪਰੰਤ ਦੀਵਾਨ ਸਜਣਗੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ
(ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਸਰਪ੍ਰਸਤ ਪੰਥਕ ਅਕਾਲੀ ਦਲ
ਪਹੁੰਚ ਰਹੇ ਪੰਥ ਪ੍ਰਸਿੱਧ ਕਥਾ ਵਾਚਕ, ਕਵੀਸ਼ਰੀ ਅਤੇ ਕੀਰਤਨੀ ਜਥੇ :-
* ਭਾਈ ਬਲਵੰਤ ਸਿੰਘ ਬਕਾਪੁਰ ਵਾਲੇ
* ਉਸਤਾਦ ਗਿਆਨੀ ਬਲਕਾਰ ਸਿੰਘ ਜੀ ਗੁਰੂ ਨਾਨਕ ਦਲ ਮੜ੍ਹੀਆਂ ਵਾਲੇ
* ਭਾਈ ਬਿਕਰਮਜੀਤ ਸਿੰਘ ਮਹਿੰਦਪੁਰ ਵਾਲੇ
* ਗਿਆਨੀ ਕੇਵਲ ਸਿੰਘ ਮਹਿਤਾ, ਕੋਮਲ ਅਤੇ ਸੋਹੀ ਭਰਾ (ਪੰਥ ਪ੍ਰਸਿੱਧ ਕਵੀਸ਼ਰ ਜਥਾ)
ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ
ਗੁਰਦੁਆਰਾ ਸ਼ਹੀਦਾਂ ਸਿੰਘਾਂ ਦੀ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ ਸੰਗਤਾਂ ਤਨ-ਮਨ-ਧੰਨ ਨਾਲ ਯੋਗਦਾਨ ਪਾਓ ਜੀ।
ਨੋਟ : ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੀ ਸੰਥਿਆ ਕਰਵਾਈ ਜਾਂਦੀ ਹੈ।
ਬੇਨਤੀ ਕਰਤਾ
ਜਥੇਦਾਰ ਸਵਰਨਜੀਤ ਸਿੰਘ
(ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਦੋਆਬਾ) 98760-81108
ਏਕ ਨੂਰ ਸਵੈ-ਸੇਵੀ ਸੰਸਥਾ (ਰਜਿ.) ਪਠਲਾਵਾ
ਸਮੂਹ ਸੇਵਾਦਾਰ ਅਤੇ ਇਲਾਕੇ ਦੀਆਂ ਸੰਗਤਾਂ।
ਆਵਾਜ਼ਿ ਕੌਮ AWAZE QAUM
International Newspaper & WEB TV


ਕੌਮੀ ਇਨਸਾਫ਼ ਮੋਰਚਾ, ਚੰਡੀਗੜ੍ਹ
ਵੱਲੋਂ
21 ਅਗਸਤ ਨੂੰ
ਪੰਜਾਬ
ਬੰਦ
ਦਾ ਸੱਦਾ
ਆਵਾਜ਼ਿ ਕੌਮ
AWAZE QAUM
International Newspaper & WEB TV
ਸਮੂਹ ਧਾਰਮਿਕ, ਸਮਾਜਿਕ, ਵਪਾਰਕ ਅਤੇ
ਸਿੱਖ ਜਥੇਬੰਦੀਆਂ ਸਮੇਤ ਪੰਜਾਬ ਵਿੱਚ ਵੱਸਦੇ
ਹਰ ਇੱਕ ਪ੍ਰਾਣੀ ਨੂੰ ਅਪੀਲ ਹੈ ਕਿ
ਬੰਦੀ ਸਿੰਘਾਂ ਦੀ ਰਿਹਾਈ ਲਈ
ਇਸ ਪੰਜਾਬ ਬੰਦ ਦੇ ਸੱਦੇ ਵਿੱਚ
ਆਪਣਾ ਸਹਿਯੋਗ ਦੇਣ।
ਪੰਜਾਬ ਦੇ ਜੰਮੇ-ਜਾਏ ਨੌਜਵਾਨ
ਬੰਦੀ ਸਿੰਘਾਂ ਦੀ ਰਿਹਾਈ ਲਈ–
ਆਓ, ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰੀਏ।
ਕੌਮੀ ਇਨਸਾਫ਼ ਮੋਰਚਾ, ਚੰਡੀਗੜ੍ਹ



ਲੜੀਵਾਰ
ਗੁਰਬਾਣੀ ਸ਼ਬਦ ਵਿਚਾਰ
ਗੁਰਦੁਆਰਾ
ਬੰਗਲਾ ਸਾਹਿਬ
22 ਅਗਸਤ 2026
ਦਿਨ ਸ਼ਨੀਵਾਰ ਨੂੰ
ਸਵੇਰੇ 7:30 ਤੋਂ 8:30
ਵਜੇ ਤੱਕ
ਗੁਰਦੁਆਰਾ
ਸੀਸਗੰਜ ਸਾਹਿਬ
23 ਅਗਸਤ 2026
ਦਿਨ ਐਤਵਾਰ ਨੂੰ
ਸਵੇਰੇ 7:30 ਤੋਂ 8:30
ਵਜੇ ਤੱਕ
ਗੁਰਦੁਆਰਾ ਸੀਸਗੰਜ ਸਾਹਿਬ, ਦਿੱਲੀ
GURUDWARA SISGANJ SAHIB, DELHI
ਵਿਚਾਰਾਂ ਦੀ ਸਾਂਝ ਪਾਉਣਗੇ
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸੰਪਰਕ ਨੰ.- 9814015740, 9356060960
ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ AWAZE QAUM

# ਖੋਜੀ ਇਤਿਹਾਸਕਾਰ - ਪ੍ਰਿੰਸੀਪਲ ਸਤਿਬੀਰ ਸਿੰਘ ਨੂੰ ਯਾਦ ਕਰਦਿਆਂ

## 18 ਅਗਸਤ ਬਰਸੀ 'ਤੇ ਵਿਸ਼ੇਸ਼

**ਬੀਤੀ ਸਦੀ** ਦੇ ਦੂਜੇ ਅੱਧ ਵਿੱਚ ਸਿੱਖ ਵਿਦਵਾਨ ਅਤੇ ਸਿੱਖ ਇਤਿਹਾਸ ਦੀ ਰਚਨਾ ਲਈ ਇਕ ਖੋਜੀ ਵਿਦਵਾਨ ਵਜੋਂ ਆਪਣੀ ਪਛਾਣ ਬਨਾਉਣ ਲਈ ਜਾਣੇ ਜਾਂਦੇ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰਮਤਿ ਸਾਹਿਤ ਦੇ ਖੇਤਰ ਵਿੱਚ ਜਿਹੜਾ ਮਾਣ-ਮੱਤਾ ਕਾਰਜ ਕੀਤਾ, ਉਸ ਨੂੰ ਕਦਾਚਿੱਤ ਵੀ ਭੁਲਾਇਆ ਨਹੀਂ ਜਾ ਸਕਦਾ ।ਧਰਮ ਦੇ ਖੇਤਰ ਵਿੱਚ ਇਕ ਸ਼ਰਧਾਲੂ ਸਿੱਖ ਵਜੋਂ ਪ੍ਰਿੰਸੀਪਲ ਸਤਿਬੀਰ ਸਿੰਘ ਦੀ ਇਤਿਹਸਕ ਖੋਜ ਲਈ ਜਿਹੜੀ ਮਾਣ-ਵੱਡਿਆਈ ਮਿਲੀ, ਇਹ ਗੁਣ ਅਜੋਕੇ ਇਤਿਹਾਸਕਾਰਾਂ ਵਿੱਚੋਂ ਕਿਸੇ ਵਿਰਲੇ ਕੋਲ ਹੀ ਹੋਵੇਗਾ ।ਅਸਲ ਵਿੱਚ ਉਨ੍ਹਾਂ ਇਕ ਸ਼ਰਧਾਵਾਨ ਸਿੱਖ ਵਜੋਂ ਸਿੱਖ ਇਤਿਹਾਸ ਨੂੰ ਵਾਚਿਆ, ਜਦੋਂ ਉਨ੍ਹਾਂ ਇਤਿਹਾਸ ਨੂੰ ਲਿਖਣ ਲਈ ਕਲਮ ਚੁੱਕੀ ਤਾਂ ਉਨ੍ਹਾਂ ਦੀ ਲੇਖਣੀ ਵਿੱਚੋਂ ਵੀ ਇਸ ਗੁਣ ਦੀ ਪ੍ਰਤੱਖ ਝਲਕ ਨਜ਼ਰ ਆਉਂਦੀ ਹੈ ।ਸ਼ਾਇਦ ਇਸੇ ਕਰਕੇ ਪੰਥ ਰਤਨ ਸਚਖੰਡਵਾਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਿੰਸੀਪਲ ਸਾਹਿਬ ਨੂੰ ਅਥਾਹ ਪਿਆਰ ਕਰਦੇ ਸਨ ।ਜਦੋਂ ਪ੍ਰਿੰਸੀਪਲ ਸਾਹਿਬ ਨੇ ਵੱਖ-ਵੱਖ ਸਿਰਲੇਖਾਂ ਅਧੀਨ ਦੱਸ ਪੁਸਤਕਾਂ, ਦੱਸ ਗੁਰੂ ਸਾਹਿਬਾਨਾਂ ਦੀ ਜੀਵਨ ਯਾਤਰਾ ਸਬੰਧੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਹਰਿ ਕੀ ਪੌੜੀ ਤੋਂ ਸਿੱਖ ਜਗਤ ਲਈ ਜਾਰੀ ਕੀਤੀਆਂ ਤਾਂ ਉਨ੍ਹਾਂ ਦੇ ਇਸ ਵਿਲੱਖਣ ਕਾਰਜ ਦੀ ਹਰ ਵਿਚਾਰਵਾਨ ਸਿੱਖ ਨੇ ਭਰਪੂਰ ਪ੍ਰਸ਼ੰਸਾ ਕੀਤੀ ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਆਧੁਨਿਕ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਦਾ ਜਨਮ ਪਹਿਲੀ ਮਾਰਚ, 1932 ਈ: ਨੂੰ ਭਾਈ ਹਰਨਾਮ ਸਿੰਘ ਦੇ ਘਰ ਬੀਬੀ ਰਣਜੀਤ ਕੌਰ ਦੀ ਕੁੱਖ ਤੋਂ ਜ਼ਿਲ੍ਹਾ ਜਿਹਲਮ (ਪੱਛਮੀ ਪੰਜਾਬ) ਪਾਕਿਸਤਾਨ ਵਿਖੇ ਹੋਇਆ ।ਦੇਸ਼ ਦੇ ਬਟਵਾਰੇ ਤੋਂ ਪਿੱਛੋਂ ਉਨ੍ਹਾਂ ਦਾ ਪਰਿਵਾਰ ਕਾਨਪੁਰ (ਉੱਤਰ ਪ੍ਰਦੇਸ਼) ਵਿੱਚ ਆ ਵਸਿਆ । ਉਨ੍ਹਾਂ ਪੰਜਾਬੀ ਯੂਨੀਵਰਸਿਟੀ ਤੋਂ ਐੱਮ ਏ। (ਹਿਸਟਰੀ) ਕਰਕੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਬਤੌਰ ਲੈਕਚਰਾਰ ਨਿਯੁਕਤੀ ਪ੍ਰਾਪਤ ਕੀਤੀ ।ਉਨ੍ਹਾਂ ਦੀ ਰੁਚੀ ਗੁਰਮਤਿ ਸਾਹਿਤ ਅਤੇ ਸਿੱਖ ਇਤਿਹਾਸ ਦੀ ਪੇਸ਼ਕਾਰੀ ਨੂੰ ਨਿਵੇਕਲੇ ਪ੍ਰੀਖੇਪ ਵਿੱਚ ਕਰਨ ਵਿੱਚ ਸੀ ।ਇਨ੍ਹਾਂ ਦੋਵਾਂ ਵਿਸ਼ਿਆਂ ਵਿੱਚ ਉਨ੍ਹਾਂ ਡੂੰਘਾ ਅਧਿਐਨ ਕੀਤਾ ।ਸਭ ਤੋਂ ਪਹਿਲਾਂ 1957 ਈ: ਵਿੱਚ ਉਨ੍ਹਾਂ ਸਾਡਾ ਇਤਿਹਾਸ ਪਹਿਲਾ ਭਾਗ (ਦੱਸ ਗੁਰੂ ਸਾਹਿਬਾਨ ਤੱਕ) ਅਤੇ 1962 ਈ: ਵਿੱਚ ਦੂਜਾ ਭਾਗ (ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿੱਛੋਂ) ਪ੍ਰਕਾਸ਼ਿਤ ਕੀਤੇ ।ਇਸ ਤੋਂ ਪਿੱਛੋਂ ਗੁਰਮਤਿ ਸਾਹਿਤ ਤੇ ਹੋਰ ਅਨੇਕਾਂ ਰਚਨਾਵਾਂ ਦਾ ਦੌਰ ਸ਼ੁਰੂ ਹੋਇਆ ।



ਪ੍ਰਿੰਸੀਪਲ ਸਤਿਬੀਰ ਸਿੰਘ ਨੇ 62 ਵਰ੍ਹਿਆਂ ਦੀ ਉਮਰ ਤੱਕ ਪੰਜਾਬੀ ਅਤੇ ਅੰਗ੍ਰੇਜ਼ੀ ਪੁਸਤਕਾਂ, ਜਿਨ੍ਹਾਂ ਦੀ ਗਿਣਤੀ ਛੇ ਦਰਜਨਾਂ ਤੋਂ ਵੱਧ ਬਣਦੀ ਹੈ, ਆਪਣੇ ਸੁਹਿਰਦ ਪਾਠਕਾਂ ਦੀ ਝੋਲੀ ਪਾਈਆਂ ।ਇਨ੍ਹਾਂ ਸਾਰੀਆਂ ਪੁਸਤਕਾਂ ਦੇ ਵਿਸ਼ੇ ਗੁਰਬਾਣੀ ਦੀ ਵਿਆਖਿਆ, ਗੁਰ ਇਤਿਹਾਸ, ਸਿੱਖ ਰਹਿਤ ਮਰਿਯਾਦਾ ਅਤੇ ਸ਼੍ਰੋਮਣੀ ਸਿੱਖ ਸ਼ਖ਼ਸੀਅਤਾਂ ਦੇ ਜੀਵਨ ਹਨ ।ਪ੍ਰਿੰਸੀਪਲ ਸਾਹਿਬ ਦਾ ਵੱਡਾ ਗੁਰਮਤਿ ਸਾਹਿਤ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਵੱਖ-ਵੱਖ ਪੁਸਤਕਾਂ ਅਲੱਗ-ਅਲੱਗ ਸਿਰਲੇਖਾਂ ਅਧੀਨ ਪੇਸ਼ ਕਰਨਾ ਹੈ ।

ਇਸ ਇਤਿਹਾਸਕ ਕਾਰਜ ਦੇ ਨਾਲ-ਨਾਲ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰਮਤਿ ਕਾਲਜ ਪਟਿਆਲਾ ਵਿੱਚ ਬਤੌਰ ਪ੍ਰਿੰਸੀਪਲ ਸੇਵਾ ਬਾਖ਼ੂਬੀ ਨਿਭਾਈ ।ਅੱਜ ਗੁਰਮਤਿ ਕਾਲਜ ਪਟਿਆਲਾ ਦੇ ਵਿੱਦਿਆਰਥੀ ਸਿੱਖ ਧਰਮ ਦੀਆਂ ਵੱਖ-ਵੱਖ ਸੰਸਥਾਵਾਂ ਵਿੱਚ ਸਫ਼ਲਤਾ ਨਾਲ ਕਾਰਜ ਨਿਭਾ ਰਹੇ ਹਨ ।ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵਜੋਂ ਵੀ ਲੰਬਾ ਸਮਾਂ ਅਹਿਮ ਸੇਵਾ ਨਿਭਾਈ ।ਪ੍ਰਿੰਸੀਪਲ ਸਤਿਬੀਰ ਸਿੰਘ ਕਰਨਾਲ ਅਤੇ ਯਮੁਨਾਨਗਰ ਵਿਖੇ ਖ਼ਾਲਸਾ ਕਾਲਜਾਂ ਵਿੱਚ ਵੀ ਬਤੌਰ ਪ੍ਰਿੰਸੀਪਲ ਕਾਰਜਸ਼ੀਲ ਰਹੇ ।ਭਾਸ਼ਾ ਵਿਭਾਗ ਪੰਜਾਬ ਵੱਲੋਂ ਇਤਿਹਾਸਕ ਪੁਸਤਕਾਂ ਦੇ ਯੋਗਦਾਨ ਵਜੋਂ ਉਨ੍ਹਾਂ ਨੂੰ 1991 ਈ: ਵਿੱਚ ਸ਼੍ਰੋਮਣੀ ਪੰਜਾਬੀ ਲੇਖਕ ਵਜੋਂ ਸਨਮਾਨਿਤ ਕੀਤਾ ਗਿਆ ।ਪ੍ਰਿੰਸੀਪਲ ਸਤਿਬੀਰ ਸਿੰਘ ਇਕ ਅਜਿਹਾ ਨਿਸ਼ਠਾਵਾਨ ਲੇਖਕ ਸੀ, ਜਿੰਨਾ ਸਮਾਂ ਉਹ ਜੀਇਆ, ਉਸ ਨੇ ਗੁਰਮਤਿ ਸਾਹਿਤ ਦੇ ਰਚੇਤਾ ਵਜੋਂ ਗੁਰੂ ਪੰਥ ਪ੍ਰਤੀ ਸਮਰਪਿਤ ਭਾਵਨਾ ਨਾਲ ਸੇਵਾ ਨਿਭਾਈ ।ਆਪਣੇ ਸਮਕਾਲੀ ਸਾਹਿਤਕਾਰਾਂ ਵਿੱਚ ਉਨ੍ਹਾਂ ਨੂੰ ਗੁਰੂ ਘਰ ਦੇ ਸ਼ਰਧਾਵਾਨ ਗੁਰ-ਸਿੱਖ ਲੇਖਕ ਅਤੇ ਵਿਚਾਰਵਾਨ ਵਜੋਂ ਜਿਹੜਾ ਮਾਣ-ਸਨਮਾਨ ਮਿਲਿਆ, ਉਸ ਨੂੰ ਅੱਜ ਵੀ ਬੜੀ ਸ਼ਿਦਤ ਤੇ ਪਿਆਰ ਨਾਲ ਯਾਦ ਕੀਤਾ ਜਾਂਦਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਡੀਆਂ ਹੋਰ ਅਨੇਕਾਂ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਉਨ੍ਹਾਂ ਵੱਲੋਂ ਦਿੱਤੀਆਂ ਸੇਧਾਂ, ਸਲਾਹਾਂ ਕਰਕੇ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕਰਦੀਆਂ ਹਨ ।

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ :
98143-24040



ਆਖਰ ਪ੍ਰਿੰਸੀਪਲ ਸਾਹਿਬ 18 ਅਗਸਤ, 1994 ਈ: ਨੂੰ ਦਿਲ ਦੀ ਹਰਕਤ ਬੰਦ ਹੋਣ ਨਾਲ ਪਟਿਆਲਾ ਵਿਖੇ ਇਸ ਫਾਨੀ ਸੰਸਾਰ ਨੂੰ ਛੱਡ ਕੇ ਹਮੇਸ਼ਾਂ ਲਈ ਵਿਦਾ ਹੋ ਗਏ ।ਪੰਥਕ ਸਫਾਂ ਵਿੱਚ ਸੇਵਾ ਨਿਭਾਉਣ ਵਾਲਿਆਂ ਲਈ ਉਨ੍ਹਾਂ ਦਾ ਜੀਵਨ ਪ੍ਰੇਰਨਾ ਸਰੋਤ ਹੈ।

### ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵੱਲੋਂ

# ਸਿੱਖ ਕੌਮ ਨੂੰ ਨਸ਼ਿਆਂ ਦੀ ਅਲਾਮਤ ਤੋਂ ਬਚਾਉਣ ਲਈ ਵੱਡੀ ਪਹਿਲਕਦਮੀ: ਡਾ. ਵਿਜੈ ਸਤਬੀਰ ਸਿੰਘ, ਆਈਏਐਸ (ਰਿਟਾ.) ਮੁੱਖ ਪ੍ਰਬੰਧਕ



**ਚੌਕ ਮਹਿਤਾ,17 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਹਜ਼ੂਰ ਸਾਹਿਬ (ਨਾਂਦੇੜ): ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵਿਖੇ ਪੰਥਕ ਭਲਾਈ ਅਤੇ ਨੌਜਵਾਨ ਪੀੜ੍ਹੀ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਇੱਕ ਅਹਿਮ ਅਤੇ ਵਿਸ਼ੇਸ਼ ਇਕੱਤਰਤਾ ਹੋਈ। ਇਸ ਮੀਟਿੰਗ ਵਿੱਚ ਮੌਜੂਦਾ ਸਮੇਂ ਪੰਜਾਬ ਅਤੇ ਦੇਸ਼ ਭਰ ਵਿੱਚ ਸਿੱਖ ਕੌਮ ਅਤੇ ਖ਼ਾਸ ਕਰਕੇ ਨੌਜਵਾਨ ਵਰਗ ਵਿੱਚ ਵੱਧ ਰਹੀ ਨਸ਼ਿਆਂ ਦੀ ਲਾਹਨਤ ਉੱਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ। ਇਸ ਮੀਟਿੰਗ ਦੀ ਅਗਵਾਈ ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ ਅਤੇ ਕਾ. ਮੀਤ ਜਥੇਦਾਰ ਸੰਤ ਬਾਬਾ ਰਾਮ ਸਿੰਘ ਜੀ ਨੇ ਕੀਤੀ। ਇਸ ਮੌਕੇ ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਸ਼ਾਸਕ ਡਾ. ਵਿਜੈ ਸਤਬੀਰ ਸਿੰਘ, ਆਈਏਐਸ, ਸ੍ਰੀ ਰਾਮੇਸ਼ਵਰ ਨਾਇਕ, ਸ. ਜਸਵੰਤ ਸਿੰਘ ਬੌਬੀ, ਸੁਪਰਿੰਟੈਂਡੈਂਟ ਸ. ਰਵਿੰਦਰ ਸਿੰਘ ਕਪੂਰ, ਸਹਾਇਕ ਸੁਪਰਿੰਟੈਂਡੈਂਟ ਸ. ਜੈਮਲ ਸਿੰਘ ਢਿੱਲੋਂ ਅਤੇ ਸਹਾਇਕ ਸੁਪਰਿੰਟੈਂਡੈਂਟ ਸ. ਬਲਵਿੰਦਰ ਸਿੰਘ ਫ਼ੌਜੀ, ਪ੍ਰਬੰਧਕ ਸਾਹਿਬ ਦੇ ਪੀ.ਅ.ਬਬੀਤਾ ਕੌਰ ਚਾਹਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

ਮੁੱਖ ਫ਼ੈਸਲੇ ਅਤੇ ਰੂਪ-ਰੇਖਾ:

ਉੱਚ-ਪੱਧਰੀ ਕਮੇਟੀ ਦਾ ਗਠਨ: ਨਸ਼ਿਆਂ ਕਾਰਨ ਕੌਮ ਅਤੇ ਸਮਾਜ ਨੂੰ ਹੋ ਰਹੇ ਭਾਰੀ ਨੁਕਸਾਨ ਨੂੰ ਠੱਲ੍ਹ ਪਾਉਣ ਲਈ ਇੱਕ ਉੱਚ-ਪੱਧਰੀ ਕਮੇਟੀ ਕਾਇਮ ਕੀਤੀ ਗਈ ਹੈ, ਜੋ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚਲਾਏਗੀ।

ਦੇਸ਼ ਭਰ ਵਿੱਚ ਗੁਰਮਤਿ ਪ੍ਰਚਾਰ-ਪ੍ਰਸਾਰ: ਇਹ ਕਮੇਟੀ ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਜਾ ਕੇ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਰਾਹੀਂ ਸੰਗਤਾਂ ਅਤੇ, ਖ਼ਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰੇਗੀ ਅਤੇ ਅੰਮ੍ਰਿਤ ਸੰਚਾਰ ਲਹਿਰ ਨੂੰ ਪ੍ਰਚੰਡ ਕਰੇਗੀ। ਗੁਰੂ ਚਰਨਾਂ ਵਿੱਚ ਅਰਦਾਸ: ਮੁਹਿੰਮ ਦੀ ਕਾਮਯਾਬੀ ਅਤੇ ਚੜ੍ਹਦੀਕਲਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ ਅਤੇ ਕਮੇਟੀ ਨੂੰ ਤੁਰੰਤ ਕਾਰਜ ਆਰੰਭ ਕਰਨ ਦੇ ਆਦੇਸ਼ ਦਿੱਤੇ ਗਏ। ਇਸ ਮੌਕੇ ਡਾਂ. ਵਿਜੈ ਸਤਬੀਰ ਸਿੰਘ ਨੇ ਕਿਹਾ ਕਿ ਨਸ਼ਾ ਅੱਜ ਸਾਡੀ ਆਉਣ ਵਾਲੀ ਪੀੜ੍ਹੀ ਦੀ ਹੋਂਦ ਲਈ ਇੱਕ ਗੰਭੀਰ ਖ਼ਤਰਾ ਬਣ ਚੁੱਕਾ ਹੈ। ਤਖ਼ਤ ਸਾਹਿਬ ਵੱਲੋਂ ਆਰੰਭੀ ਗਈ ਇਹ ਮੁਹਿੰਮ ਸਮੁੱਚੇ ਸਮਾਜ ਨੂੰ ਨਰੋਆ, ਸਿਹਤਮੰਦ ਅਤੇ ਗੁਰਸਿੱਖੀ ਜੀਵਨ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਸਮੂਹ ਸੰਗਤਾਂ, ਧਾਰਮਿਕ ਜਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਨੂੰ ਇਸ ਮੁਹਿੰਮ ਵਿੱਚ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ।

# ਸਰਕਾਰੀ ਪ੍ਰਾਇਮਰੀ ਸਕੂਲ ਖੁਰਸ਼ੈਦਪੁਰ ਵਿਖੇ 'ਮਦਰ ਵਰਕਸ਼ਾਪ' ਦਾ ਸਫਲ ਆਯੋਜਨ



ਚੌਕ ਮਹਿਤਾ 17 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ) ਸਿੱਧਵਾਂ ਬੇਟ (ਲੁਧਿਆਣਾ): ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਖੁਰਸ਼ੈਦਪੁਰ (ਬਲਾਕ ਸਿੱਧਵਾਂ ਬੇਟ-1, ਜ਼ਿਲ੍ਹਾ ਲੁਧਿਆਣਾ) ਵਿਖੇ ਬੱਚਿਆਂ ਦੀਆਂ ਮਾਤਾਵਾਂ ਲਈ 'ਮਦਰ ਵਰਕਸ਼ਾਪ' ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਸਕੂਲ ਪੜ੍ਹਦੇ ਬੱਚਿਆਂ ਦੀਆਂ ਮਾਵਾਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ। ਸਰਕਾਰੀ ਪ੍ਰਾਇਮਰੀ ਸਕੂਲ ਖੁਰਸ਼ੈਦਪੁਰ ਵਿਖੇ ਧੂਮ-ਧਾਮ ਨਾਲ ਮਨਾਈਆਂ ਗਈਆਂ ਤੀਆਂ ਸਿੱਧਵਾਂ ਬੇਟ (ਲੁਧਿਆਣਾ):ਬਲਾਕ ਸਿੱਧਵਾਂ ਬੇਟ-1 ਦੇ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਖੁਰਸ਼ੈਦਪੁਰ ਵਿਖੇ ਪੰਜਾਬੀ ਸਭਿਆਚਾਰ ਨੂੰ ਸਮਰਪਿਤ 'ਤੀਆਂ ਦਾ ਤਿਉਹਾਰ' ਬਹੁਤ ਹੀ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਰੰਗਾਰੰਗ ਪ੍ਰੋਗਰਾਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਮੁਖੀ ਅਤੇ ਅਧਿਆਪਕਾਂ ਦੀ ਦੇਖ-ਰੇਖ ਹੇਠ ਹੋਈ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਸਕੂਲ ਦੀਆਂ ਨੰਨ੍ਹੇ-ਮੁੰਨ੍ਹੇ ਬੱਚੀਆਂ ਪੰਜਾਬੀ ਪਹਿਰਾਵੇ (ਘੱਗਰੇ ਅਤੇ ਸੂਟ) ਵਿੱਚ ਸੱਜ-ਧੱਜ ਕੇ ਸਕੂਲ ਪਹੁੰਚੀਆਂ। ਬੱਚਿਆਂ ਨੇ ਪੰਜਾਬੀ ਸਭਿਆਚਾਰ ਦੀ ਪ੍ਰਤੀਨਿਧਤਾ ਕਰਦੇ ਹੋਏ ਲੋਕ ਗੀਤ, ਬੋਲੀਆਂ ਅਤੇ ਗਿੱਧੇ ਦੀ ਸ਼ਾਨਦਾਰ ਪੇਸ਼ਕਾਰੀ ਕਰਕੇ ਪੂਰੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਸਕੂਲ ਕੰਪਲੈਕਸ ਵਿੱਚ ਪੀਂਘਾਂ ਝੂਟਦਿਆਂ ਬੱਚਿਆਂ ਨੇ ਤੀਆਂ ਦੇ ਰਵਾਇਤੀ ਗੀਤ ਗਾਏ ।ਇਸ ਮੌਕੇ ਅਧਿਆਪਕਾਂ ਨੇ ਬੱਚਿਆਂ ਨੂੰ ਤੀਆਂ ਦੇ ਤਿਉਹਾਰ ਦੀ ਇਤਿਹਾਸਕ ਅਤੇ ਸਭਿਆਚਾਰਕ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਅਤੇ ਪੰਜਾਬੀ ਸਭਿਆਚਾਰ ਨਾਲ ਜੋੜੀ ਰੱਖਣ ਲਈ ਬਹੁਤ ਜ਼ਰੂਰੀ ਹਨ। ਸਮਾਗਮ ਦੇ ਅੰਤ ਵਿੱਚ ਬੱਚਿਆਂ ਨੂੰ ਖੀਰ-ਪੂੜੇ ਅਤੇ ਮਿਠਾਈਆਂ ਵੰਡ ਕੇ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਸਮੂਹ ਸਕੂਲ ਸਟਾਫ਼, ਮਿਡ-ਡੇ-ਮੀਲ ਵਰਕਰ ਅਤੇ ਪਿੰਡ ਦੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

### ਗੁਰੂ ਕਾਸ਼ੀ ਯੂਨੀਵਰਸਿਟੀ ਨੇ ਭਾਰਤ ਦਾ

# 80ਵਾਂ ਆਜ਼ਾਦੀ ਦਿਹਾੜਾ ਜੋਸ਼ੋ-ਖਰੋਸ਼ ਨਾਲ ਮਨਾਇਆ







ਤਲਵੰਡੀ ਸਾਬੋ, 17 ਅਗਸਤ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਭਾਰਤ ਦਾ 80ਵਾਂ ਆਜ਼ਾਦੀ ਦਿਹਾੜਾ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਆਯੋਜਿਤ ਕੀਤੇ ਗਏ ਸ਼ਾਨਦਾਰ ਸਮਾਰੋਹ ਵਿੱਚ ਚਾਂਸਲਰ ਗੁਰਲਾਭ ਸਿੰਘ ਸਿੱਧੂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਵਾਈਸ ਚਾਂਸਲਰ ਡਾ. ਬਲਰਾਜ ਸਿੰਘ, ਪਰੋ ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ, ਡਾ. ਪੀਯੂਸ਼ ਵਰਮਾ, ਡੀਨ ਅਕਾਦਮਿਕ ਡਾ. ਜਾਵੇਦ ਅਹਿਮਦ ਖਾਨ, ਡਾਇਰੈਕਟਰ ਯੁਵਕ ਮਾਮਲੇ ਅਤੇ ਸੱਭਿਆਚਾਰ, ਡਾ. ਕੰਵਲਜੀਤ ਕੌਰ, ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ, ਡਾਇਰੈਕਟਰ ਸੁਰੱਖਿਆ ਦੇਸ ਰਾਜ ਕੰਬੋਜ਼, ਵੱਖ-ਵੱਖ ਵਿਭਾਗਾਂ ਦੇ ਡੀਨ, ਅਧਿਆਪਕ, ਸਟਾਫ਼ ਅਤੇ ਵਿਦਿਆਰਥੀ

ਆਵਾਜ਼ਿ ਕੌਮ AWAZE QAUM
International Newspaper & WEB TV

ਹਾਜ਼ਰ ਹੋਏ। ਸ਼ੁਰੂ ਵਿਚ ਵਾਈਸ ਚਾਂਸਲਰ ਡਾ ਬਲਰਾਜ ਸਿੰਘ ਵੱਲੋਂ ਕੌਮੀ ਝੰਡਾ ਲਹਿਰਾਉਣ ਉਪਰੰਤ ਪਰੇਡ ਤੋਂ ਸਲਾਮੀ ਲਈ ਗਈ। ਯੂਨੀਵਰਸਿਟੀ ਵੱਲੋਂ ਵੱਖ-ਵੱਖ ਖੇਤਰ ਵਿੱਚ ਪ੍ਰਾਪਤੀਆਂ ਕਰਨ ਵਾਲੇ 16 ਅਧਿਆਪਕਾਂ, ਖੋਜਾਰਥੀਆਂ, ਅਤੇ ਆਪਣੇ ਖੇਤਰ ਵਿੱਚ ਤਨ-ਦੇਹੀ ਨਾਲ ਸੇਵਾ ਕਰਨ ਵਾਲੇ 6 ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਐਨ. ਸੀ. ਸੀ. ਦੇ ਵਿਦਿਆਰਥੀਆਂ ਨੂੰ ਰੈਂਕ ਪਿਨ ਪ ?ਦਾਨ ਕੀਤੇ ਗਏ। ਕੁਆਰਡੀਨੇਟਰ ਨਰਿੰਦਰ ਕੌਰ ਨੂੰ ਰਾਸ਼ਟਰੀ ਸੇਵਾ ਸਕੀਮ ਵਿੱਚ ਸ਼ਲਾਘਾਯੋਗ ਕੰਮ ਲਈ ਵੀ ਸਨਮਾਨ ਦਿੱਤਾ ਗਿਆ। ਪਰੋ. ਵਾਈਸ ਚਾਂਸਲਰ ਵੱਲੋਂ ਸਨਮਾਨਿਤ ਵਿਅਕਤੀਆਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਸ਼ਲਾਘਾ-ਪੱਤਰ ਪੜ੍ਹੇ ਗਏ। ਇਸ ਮੌਕੇ ਮੁੱਖ ਮਹਿਮਾਨ ਚਾਂਸਲਰ ਸਿੱਧੂ ਨੇ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਨਮਨ ਕਰਦੇ ਹੋਏ ਕਿਹਾ ਕਿ ਅਸੀ ਖੁਸ਼ ਕਿਸਮਤ ਹਾਂ ਕਿ ਸਾਨੂੰ ਆਜ਼ਾਦ ਭਾਰਤ ਮਿਲਿਆ ਹੈ, ਆਜ਼ਾਦੀ ਦਾ ਮੁੱਲ ਉਹ ਚੰਗੀ ਤਰ੍ਹਾਂ ਜਾਣਦੇ ਹਨ, ਜਿਨ੍ਹਾਂ ਗੁਲਾਮੀ ਭਰੀ ਜ਼ਿੰਦਗੀ ਵੇਖੀ ਹੋਵੇ। ਉਹਨਾਂ ਸਭਨਾਂ ਨੂੰ ਉਜਵੱਲ ਭਾਰਤ ਬਣਾਉਣ ਲਈ ਆਪਣਾ ਯੋਗਦਾਨ ਪਾਉਣ ਵਾਸਤੇ ਪ੍ਰੇਰਿਤ ਕੀਤਾ। ਉਹਨਾਂ ਖੋਜਾਰਥੀਆਂ ਨੂੰ ਆਪਣੇ ਨੇੜਲੇ ਪਿੰਡਾਂ ਦੇ ਘੱਟੋ-ਘੱਟ 10 ਨੌਜਵਾਨਾਂ ਨੂੰ ਸ਼ਿਹਦ ਮੱਖੀ ਪਾਲਨ ਨਾਲ ਜੋੜ ਕੇ ਰੁਜ਼ਗਾਰ ਸ਼ੁਰੂ ਕਰਵਾਉਣ ਦਾ ਮਸ਼ਵਰਾ ਦਿੱਤਾ। ਇਸ ਤਰਾਂ ਉਹਨਾਂ ਕਿਸਾਨਾਂ ਨੂੰ ਆਰਥਿਕ ਪੱਧਰ ਤੋਂ ਮਜ਼ਬੂਤ ਕਰਨ ਲਈ ਵਰਸਿਟੀ ਵੱਲੋਂ ਸ਼ੁਰੂ ਕੀਤੇ ਗਏ ਸ਼ਿਹਦ ਪ੍ਰੋਜੈਕਟ ਨਾਲ ਜੋੜਣ ਦੀ ਗੱਲ ਕੀਤੀ। ਪਹਿਲੇ ਸੈਸ਼ਨ ਦੇ ਮੁੱਖ ਮਹਿਮਾਨ ਵਾਈਸ ਚਾਂਸਲਰ ਡਾ. ਸਿੰਘ ਨੇ ਕਿਹਾ ਕਿ ਦੇਸ਼ ਦੀ ਖੁਸ਼ਹਾਲੀ ਲਈ ਦੇਸ਼ ਦੇ ਹਰ ਨਾਗਰਿਕ ਦਾ ਯੋਗਦਾਨ ਹੋਣਾ ਜ਼ਰੂਰੀ ਹੈ। ਉਹਨਾਂ ਭਾਰਤ ਦੇ ਹਰ ਨਾਗਰਿਕ ਨੂੰ ਆਪਣੇ ਨਿਸ਼ਚਿਤ ਕਾਰਜ ਖੇਤਰ ਵਿੱਚ ਇਮਾਨਦਾਰੀ ਨਾਲ ਕੰਮ ਕਰਨ ਦੀ ਗੱਲ ਆਖੀ। ਉਹਨਾਂ ਭਾਰਤ ਵੱਲੋਂ ਖੇਤੀ, ਕੰਪਿਊਟਰ, ਆਈ.ਟੀ, ਏ.ਆਈ ਆਦਿ ਖੇਤਰਾਂ ਵਿੱਚ ਕੀਤੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ। ਆਪਣੇ ਸੁਆਗਤੀ ਭਾਸ਼ਣ ਵਿੱਚ ਸਮਾਰੋਹ ਬਾਰੇ ਜਾਣਕਾਰੀ ਦਿੰਦਿਆਂ ਪਰੋ. ਵਾਈਸ ਚਾਂਸਲਰ ਡਾ. ਧੀਮਾਨ ਨੇ ਦੱਸਿਆ ਕਿ ਆਜ਼ਾਦੀ ਤੋਂ ਪਹਿਲਾਂ ਭਾਰਤ ਦੀ ਲਗਭਗ 34 ਕਰੋੜ ਜਨਸੰਖਿਆ ਲਈ ਭਾਰਤ ਬਾਹਰਲੇ ਮੁਲਕਾਂ ਤੋਂ ਆਨਾਜ ਦਾ ਆਯਾਤ ਕਰਦਾ ਸੀ, ਪਰ ਹੁਣ ਭਾਰਤੀ ਖੇਤੀ ਵਿਗਿਆਨੀਆਂ, ਅਤੇ ਕਿਸਾਨਾਂ ਦੀ ਮਿਹਨਤ ਸਦਕਾ ਭਾਰਤ 148 ਕਰੋੜ ਲੋਕਾਂ ਨੂੰ ਅਨਾਜ ਉਪਲਬੱਧ ਕਰਵਾਉਣ ਤੋਂ ਬਾਦ ਵੀ ਹੋਰ ਮੁਲਕਾਂ ਨੂੰ ਅਨਾਜ ਦਾ ਨਿਰਯਾਤ ਕਰਦਾ ਹੈ। ਉਹਨਾਂ ਭਾਰਤੀਆਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ। ਉਹਨਾਂ ਪਿਛਲੇ 80 ਵਰਿ ?ਆਂ ਦੌਰਾਨ ਖੇਤੀਬਾੜੀ, ਸਿੱਖਿਆ, ਖੋਜ, ਡਿਫੈਂਸ, ਸੂਚਨਾ ਤਕਨਾਲੋਜੀ, ਅਤੇ ਸਨਅਤੀਕਰਨ ਦੇ ਖੇਤਰ ਵਿੱਚ ਦੇਸ਼ ਵਿਚ ਹੋਈ ਤਰੱਕੀ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਸ ਨਾਲ ਦੁਨੀਆਂ ਵਿੱਚ ਭਾਰਤ ਦੀ ਸਾਖ ਵਧੀ ਹੈ। ਉਹਨਾਂ ਗੁਰੂ ਗੋਬਿੰਦ ਸਿੰਘ ਅਵਾਰਡ ਹਾਸਿਲ ਕਰਨ ਵਾਲੇ ਅਵਾਰਡੀਆਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਡਾ. ਨਵਦੀਪ ਸਿੰਘ ਗਰੇਵਾਲ ਨੂੰ ਗੁਰੂ ਗੋਬਿੰਦ ਸਿੰਘ ਹਾਈ ਇੰਮਪੈਕਟ ਰਿਸਰਚ ਪਬਲਿਕੇਸ਼ਨ ਅਵਾਰਡ-2025-26, ਡਾ. ਸੁਧੀਰ ਮਿੱਤਲ ਨੂੰ, ਰਿਸਰਚ ਪ੍ਰੋਡੈਕਟਿਵਿਟੀ ਅਵਾਰਡ-2025-26, ਡਾ. ਵਾਸੂ ਮਹਿਤਾ ਨੂੰ ਇੰਨੋਵੇਸ਼ਨ ਐਂਡ ਪੇਟੈਂਟ ਅਵਾਰਡ-2025-26, ਡਾ. ਸੰਨੀ ਅਰੋੜਾ ਨੂੰ ਰਿਸਰਚ ਮੈਨਟਰ ਅਵਾਰਡ-2025-26, ਡਾ. ਖੁਸ਼ਿਵੰਦਰ ਸਿੰਘ ਨੂੰ ਸਪਾਂਸਰ ਰਿਸਰਚ ਅਵਾਰਡ-2025-26, ਤੇ ਡਾ. ਰਾਜਿੰਦਰ ਕੁਮਾਰ ਨੂੰ ਬੁੱਕ ਪਬਲਿਕੇਸ਼ਨ ਅਵਾਰਡ-2025-26 ਨਾਲ ਸਨਮਾਨਿਤ ਕੀਤਾ ਗਿਆ। ਪਰੋ. ਵਾਈਸ ਚਾਂਸਲਰ ਡਾ. ਵਰਮਾ ਨੇ ਸਭਨਾਂ ਲਈ ਧੰਨਵਾਦ ਦੇ ਸ਼ਬਦ ਕਹੇ। ਉਨਾਂ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਉਹਨਾਂ ਸਭਨਾਂ ਨੂੰ ਭਾਰਤ ਦੇ ਆਜ਼ਾਦੀ ਦਿਹਾੜੇ ਦੀ ਵਧਾਈ ਦਿੰਦੇ ਹੋਏ, ਆਪਣੇ ਦੇਸ਼ ਲਈ ਕੁੱਝ ਨਵਾਂ ਸਿਰਜਣ ਦੀ ਗੱਲ ਕੀਤੀ। ਡਾਇਰੈਕਟਰ ਯੁਵਾ ਤੇ ਸੱਭਿਆਚਾਰ ਮਾਮਲੇ ਡਾ. ਕੰਵਲਜੀਤ ਕੌਰ ਦੇ ਨਿਰਦੇਸ਼ਨ ਹੇਠ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਸੱਭਿਆਚਾਰਕ ਵੰਨਗੀਆਂ ਲੋਕ-ਨਾਚ ਗਿੱਧੇ, ਭੰਗੜੇ ਨੇ ਦਰਸ਼ਕਾਂ ਨੂੰ ਨੱਚਣ ਲਾ ਦਿੱਤਾ। ਇਸ ਮੌਕੇ ਵਿਦਿਆਰਥੀਆਂ ਵੱਲੋ ਦੇਸ਼ ਭਗਤੀ ਨਾਲ ਭਰਪੂਰ ਪੇਸ਼ ਕੀਤੇ ਲਘੂ ਨਾਟਕ ਨੇ ਸਭਨਾਂ ਦੀ ਵਾਹ-ਵਾਹ ਖੱਟੀ। ਸਾਲ 2047 ਤੱਕ 'ਵਿਕਸਿਤ ਭਾਰਤ' ਦੀ ਕਾਮਨਾ ਨਾਲ ਸਮਾਰੋਹ ਦੀ ਸਮਾਪਤੀ ਹੋਈ।

**ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੀਆਂ 16 ਸ਼ਖਸੀਅਤਾਂ ਅਤੇ ਲਗਨ ਨਾਲ ਡਿਊਟੀ ਨਿਭਾਉਣ ਵਾਲੇ ਛੇ ਵਿਲੱਖਣ ਕਰਮਚਾਰੀ ਸਨਮਾਨਿਤ**

### ਸੁਖਵੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ

# ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਨੇ ਕੀਤੀ ਨਿੰਦਾ



**ਧੂਰੀ (ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਮਹਾਰਾਸ਼ਟਰ ਦੇ ਨਾਂਦੇੜ ਸਾਹਿਬ ਵਿਖੇ ਕਥਿਤ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਧੂਰੀ ਤੋਂ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਕਿਹਾ ਕਿ ਇਹ ਘਟਨਾ

ਆਵਾਜ਼ਿ ਕੌਮ AWAZE QAUM
International Newspaper & WEB TV

ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਦੇ ਵਿਖੇ ਵਾਪਰੀ। ਘਟਨਾ ਦੌਰਾਨ ਉਨ੍ਹਾਂ ਦੀ ਸੁਰੱਖਿਆ ਵਿੱਚ ਤਾਇਨਾਤ ਇੱਕ ਪੁਲਿਸ ਮੁਲਾਜ਼ਮ ਦੇ ਵੀ ਜ਼ਖ਼ਮੀ ਹੋਣ ਦੀ ਜਾਣਕਾਰੀ ਮਿਲੀ ਹੈ। ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਆਪਣੇ ਪਰਿਵਾਰ ਸਮੇਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ ਹੋਏ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਮੌਜੂਦ ਸਨ। ਤਖ਼ਤ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਉਨ੍ਹਾਂ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਉਨ੍ਹਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸੇ ਦੌਰਾਨ ਵਾਪਰੀ ਘਟਨਾ ਤੋਂ ਬਾਅਦ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਮਲੇ ਦੇ ਕਾਰਨਾਂ ਤੇ ਘਟਨਾ ਵਿੱਚ ਸ਼ਾਮਲ ਵਿਅਕਤੀ ਸਬੰਧੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਦਸੰਬਰ 2024 ਵਿੱਚ ਵੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਬਾਹਰ ਸੇਵਾ ਨਿਭਾ ਰਹੇ ਸੁਖਬੀਰ ਸਿੰਘ ਬਾਦਲ 'ਤੇ ਹਮਲੇ ਦੀ ਕੋਸ਼ਿਸ਼ ਹੋਈ ਸੀ। ਉਸ ਸਮੇਂ ਸੁਰੱਖਿਆ ਕਰਮੀਆਂ ਦੀ ਮੁਸਤੈਦੀ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ ਸੀ ਅਤੇ ਹਮਲਾਵਰ ਨੂੰ ਮੌਕੇ 'ਤੇ ਕਾਬੂ ਕਰ ਲਿਆ ਗਿਆ ਸੀ। ਨਾਂਦੇੜ ਸਾਹਿਬ ਵਿਖੇ ਤਾਜ਼ਾ ਘਟਨਾ ਦੀ ਖ਼ਬਰ ਫੈਲਣ ਤੋਂ ਬਾਅਦ ਧੂਰੀ ਹਲਕੇ ਦੇ ਅਕਾਲੀ ਵਰਕਰਾਂ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਧ ਰਹੀ ਮਜ਼ਬੂਤੀ ਤੋਂ ਵਿਰੋਧੀ ਧਿਰਾਂ ਘਬਰਾਈਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਹਰ ਵਰਕਰ ਸੁਖਬੀਰ ਸਿੰਘ ਬਾਦਲ ਦੇ ਨਾਲ ਚਟਾਨ ਵਾਂਗ ਖੜ੍ਹਾ ਹੈ।

## ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ

# ਮਹਿਤਾ ਚੌਂਕ ਵਿਖੇ ਮਨਾਇਆ ਆਜ਼ਾਦੀ ਦਿਵਸ



**ਚੌਕ ਮਹਿਤਾ, 17 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੀ ਮੰਨੀ-ਪ੍ਰਮੰਨੀ ਸੰਸਥਾ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਂਕ ਵਿਖੇ ਆਜ਼ਾਦੀ ਦਿਵਸ ਬੜੇ ਧੂਮ ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਬੜੇ ਉਤਸ਼ਾਹ ਤੇ ਚਾਅ ਨਾਲ ਆਪਣਾ ਯੋਗਦਾਨ ਦੇ ਕੇ ਦੇਸ਼ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕਰ ਚੁੱਕੇ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕੀਤਾ ਗਿਆ। ਵਿਦਿਆਰਥੀਆਂ

ਆਵਾਜ਼ਿ ਕੌਮ AWAZE QAUM
International Newspaper & WEB TV

ਦੁਆਰਾ ਸਟੇਜ਼ੀ ਗਤੀਵਿਧੀਆਂ ਜਿਸ ਵਿੱਚ ਗੀਤ ਸੰਗੀਤ, ਕਵਿਤਾਵਾਂ, ਗਰੁੱਪ-ਸੌਂਗ, ਗਰੁੱਪ-ਡਾਂਸ, ਭਾਸ਼ਣ ਆਦਿ ਪੇਸ਼ ਕਰਕੇ ਦੇਸ਼ ਪ੍ਰੇਮ ਅਤੇ ਦੇਸ਼ ਭਗਤੀ ਦੇ ਭਾਵਾਂ ਨੂੰ ਪ੍ਰਗਟ ਕੀਤਾ। ਸਕੂਲ ਵਿੱਚ ਚੱਲ ਰਹੇ ਤਿੰਨ ਹਾਊਸ-ਸਤਲੁਜ, ਬਿਆਸ ਤੇ ਰਾਵੀ ਦੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਵਿੱਚ ਕਵਿਜ਼ ਮੁਕਾਬਲਾ ਕਰਵਾਇਆ ਗਿਆ ਤੇ ਜੂਨੀਅਰ ਵਿਦਿਆਰਥੀਆਂ ਵਿੱਚ ਪੇਂਟਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਕ੍ਰਮਵਾਰ ਸਤਲੁਜ ਹਾਊਸ ਨੇ ਪਹਿਲਾ, ਬਿਆਸ ਹਾਊਸ ਨੇ ਦੂਸਰਾ ਤੇ ਰਾਵੀ ਹਾਊਸ ਨੇ ਤੀਸਰਾ ਸਥਾਨ ਹਾਸਿਲ ਕੀਤਾ। ਸੰਸਥਾ ਦੇ ਚੇਅਰਮੈਨ ਸ੍ਰ: ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨਾਲ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਤੇ ਗੌਰਵਮਈ ਪਿਛੋਕੜ ਬਾਰੇ ਵਿਚਾਰ ਪ੍ਰਗਟ ਕੀਤੇ। ਉਹਨਾਂ ਨੇ ਵਿਦਿਆਰਥੀਆਂ ਨੂੰ ਦੇਸ਼ ਦੇ ਚੰਗੇ ਨਾਗਰਿਕ ਬਣਨ ਦੀ ਪ੍ਰੇਰਨਾ ਦਿੱਤੀ। ਸੰਸਥਾ ਦੇ ਅਧਿਆਪਕਾਂ ਨੇ ਵੀ ਪੂਰੇ ਸਹਿਯੋਗ ਨਾਲ ਵੱਧ ਚੜ ਕੇ ਇਸ ਦਿਵਸ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਦਿੱਤਾ। ਇਸ ਮੌਕੇ ਪ੍ਰਿੰਸੀਪਲ ਮੈ.ਗੁਰਬੀਰ ਕੌਰ, ਡਾਇਰੈਕਟਰ ਮੈ.ਹਰਪ੍ਰੀਤ ਕੌਰ, ਮੈ. ਰਵਿੰਦਰ ਕੌਰ, ਮੈ.ਰਕੇਸ਼ ਬਾਵਾ, ਮੈ. ਸੁਧਾ ਸ਼ਰਮਾ, ਸਰ ਅੰਮ੍ਰਿਤਪਾਲ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਜਦੋਂ ਕੋਈ ਨਾ ਸਮਝੇ ਮਨ ਦੇ ਵਲਵਲੇ, ਉਦੋਂ 'ਡਾਇਰੀ' ਬਣਦੀ ਹੈ ਵਿਦਵਾਨਾਂ ਦੀ ਸਭ ਤੋਂ ਵੱਡੀ ਹਮਰਾਜ਼



ਜਦੋਂ ਮਨੁੱਖ ਦੇ ਵਿਚਾਰ ਸਮਾਜ ਦੀ ਆਮ ਸੋਚ ਨਾਲੋਂ ਅੱਗੇ ਜਾਂ ਵੱਖਰੇ ਹੁੰਦੇ ਹਨ, ਤਾਂ ਅਕਸਰ ਆਲੇ-ਦੁਆਲੇ ਉਸ ਦੀ ਭਾਸ਼ਾ ਅਤੇ ਗਹਿਰਾਈ ਨੂੰ ਸਮਝਣ ਵਾਲਾ ਕੋਈ ਨਹੀਂ ਮਿਲਦਾ । ਅਜਿਹੇ ਸਮੇਂ ਵਿੱਚ ਇਕੱਲੇਪਣ ਨੂੰ ਕਮਜ਼ੋਰੀ ਬਣਾਉਣ ਦੀ ਬਜਾਏ, ਆਪਣੇ ਮਨ ਦੀਆਂ ਗੱਲਾਂ ਨੂੰ ਡਾਇਰੀ ਦੇ ਪੰਨਿਆਂ 'ਤੇ ਉਤਾਰਨਾ ਆਤਮ-ਚਿੰਤਨ ਅਤੇ ਅੰਦਰੂਨੀ ਤਾਕਤ ਦਾ ਸਭ ਤੋਂ ਵੱਡਾ ਜ਼ਰੀਆ ਬਣ ਜਾਂਦਾ ਹੈ। ਕਾਗਜ਼ 'ਤੇ ਲਿਖੇ ਸ਼ਬਦ ਬਿਨਾਂ ਕਿਸੇ ਜੱਜਮੈਂਟ ਦੇ ਹਰ ਗੱਲ ਸੁਣਦੇ ਹਨ। ਇਤਿਹਾਸ ਗਵਾਹ ਹੈ ਕਿ ਦੁਨੀਆ ਦੇ ਵੱਡੇ-ਵੱਡੇ ਚਿੰਤਕਾਂ, ਸਮਰਾਟਾਂ ਅਤੇ ਸਾਹਿਤਕਾਰਾਂ ਨੇ ਜਦੋਂ ਆਪਣੇ ਆਪ ਨੂੰ ਅਣਸੁਣਿਆ ਜਾਂ ਵੱਖਰਾ ਮਹਿਸੂਸ ਕੀਤਾ, ਤਾਂ ਉਨ੍ਹਾਂ ਨੇ ਡਾਇਰੀ ਨੂੰ ਹੀ ਆਪਣਾ ਸਭ ਤੋਂ ਪੱਕਾ ਸਾਥੀ ਬਣਾਇਆ ਅਤੇ ਇਹੀ ਡਾਇਰੀਆਂ ਅੱਗੇ ਚੱਲ ਕੇ ਦੁਨੀਆ ਲਈ ਗਿਆਨ ਦਾ ਅਨਮੋਲ ਖਜ਼ਾਨਾ ਬਣੀਆਂ। ਇਤਿਹਾਸ ਵਿੱਚ ਇਸ ਦੀਆਂ ਕਈ ਮਹਾਨ ਉਦਾਹਰਨਾਂ ਮਿਲਦੀਆਂ ਹਨ। ਰੋਮਨ ਸਮਰਾਟ ਅਤੇ ਫ਼ਿਲਾਸਫ਼ਰ ਮਾਰਕਸ ਔਰੇਲੀਅਸ ਕੋਲ ਰਾਜ-ਕਾਜ ਅਤੇ ਜੰਗਾਂ ਦੇ ਦੌਰਾਨ ਆਪਣੇ ਮਨ ਦੀਆਂ ਗੂੜ੍ਹੀਆਂ ਗੱਲਾਂ ਕਰਨ ਵਾਲਾ ਕੋਈ ਨਹੀਂ ਸੀ । ਉਸ ਨੇ ਆਪਣੇ ਆਪ ਨਾਲ ਗੱਲਬਾਤ ਕਰਨ ਅਤੇ ਆਪਣੇ ਮਨ ਨੂੰ ਸ਼ਾਂਤ ਰੱਖਣ ਲਈ ਇੱਕ ਡਾਇਰੀ ਲਿਖਣੀ ਸ਼ੁਰੂ ਕੀਤੀ, ਜੋ ਬਾਅਦ ਵਿੱਚ 'Meditations' ਨਾਂ ਨਾਲ ਦੁਨੀਆ ਦੀ ਸਭ ਤੋਂ ਮਹਾਨ ਫ਼ਲਸਫ਼ੇ ਦੀਆਂ ਕਿਤਾਬਾਂ ਵਿੱਚ ਸ਼ਾਮਲ ਹੋਈ। ਇਸੇ ਤਰ੍ਹਾਂ ਦੂਜੇ ਵਿਸ਼ਵ ਯੁੱਧ ਦੌਰਾਨ ਜਦੋਂ ਐਨ ਫਰੈਂਕ ਨੂੰ ਆਪਣੇ ਪਰਿਵਾਰ ਨਾਲ ਲੁਕਣਾ ਪਿਆ, ਤਾਂ ਉਸ ਦੇ ਮਨ ਦੇ ਜਜ਼ਬਾਤਾਂ ਨੂੰ ਸਮਝਣ ਵਾਲਾ ਕੋਈ ਨਹੀਂ ਸੀ । ਉਸ ਨੇ ਆਪਣੀ ਡਾਇਰੀ 'ਕਿਟੀ' ਨਾਲ ਦੋਸਤੀ ਕੀਤੀ ਅਤੇ ਲਿਖਿਆ ਕਿ ਕਾਗਜ਼ ਵਿੱਚ ਇਨਸਾਨਾਂ ਨਾਲੋਂ ਵੱਧ ਸਬਰ ਹੁੰਦਾ ਹੈ। ਇਹ ਡਾਇਰੀ ਅੱਜ ਦੁਨੀਆ ਭਰ ਵਿੱਚ ਇਨਸਾਨੀ ਹੌਂਸਲੇ ਅਤੇ ਮਨ ਦੇ ਵਲਵਲਿਆਂ ਦੀ ਸਭ ਤੋਂ ਵੱਡੀ ਮਿਸਾਲ ਹੈ।

ਮਹਾਨ ਲੇਖਕ ਫ੍ਰਾਂਜ਼ ਕਾਫ਼ਕਾ ਆਪਣੇ ਜ਼ਮਾਨੇ ਵਿੱਚ ਬਹੁਤ ਇਕੱਲਾਪਣ ਮਹਿਸੂਸ ਕਰਦਾ ਸੀ, ਕਿਉਂਕਿ ਉਸ ਦੀ ਸੋਚ ਉਸ ਦੇ ਸਮਾਜ ਨਾਲੋਂ ਬਹੁਤ ਵੱਖਰੀ ਸੀ। ਉਸ ਨੇ ਆਪਣੇ ਮਨ ਦੀਆਂ ਉਲਝਣਾਂ, ਡਰ ਅਤੇ ਗਹਿਰੇ ਵਿਚਾਰਾਂ ਨੂੰ ਆਪਣੀਆਂ ਡਾਇਰੀਆਂ ਵਿੱਚ ਹੀ ਦਰਜ ਕੀਤਾ, ਜਿਸ ਨੇ ਬਾਅਦ ਵਿੱਚ ਵਿਸ਼ਵ ਸਾਹਿਤ

ਆਵਾਜ਼ਿ ਕੌਮ AWAZE QAUM
International Newspaper & WEB TV

ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਰੂਸ ਦੇ ਮਹਾਨ ਸਾਹਿਤਕਾਰ ਲੇਓ ਟਾਲਸਟਾਏ ਨੇ ਵੀ ਆਪਣੀ ਪੂਰੀ ਜ਼ਿੰਦਗੀ ਡਾਇਰੀ ਲਿਖੀ। ਜਦੋਂ ਉਹ ਆਪਣੇ ਜੀਵਨ, ਧਰਮ ਅਤੇ ਸਮਾਜ ਦੇ ਡੂੰਘੇ ਸਵਾਲਾਂ ਨਾਲ ਜੂਝ ਰਿਹਾ ਹੁੰਦਾ ਸੀ, ਤਾਂ ਡਾਇਰੀ ਹੀ ਉਸ ਦੇ ਵਿਚਾਰਾਂ ਨੂੰ ਦਿਸ਼ਾ ਦੇਣ ਵਾਲੀ ਸਭ ਤੋਂ ਵੱਡੀ ਦੋਸਤ ਸੀ। ਉੱਥੇ ਹੀ ਮਸ਼ਹੂਰ ਅੰਗਰੇਜ਼ੀ ਲੇਖਿਕਾ ਵਿਰਜੀਨੀਆ ਵੂਲਫ਼ ਆਪਣੇ ਮਨ ਦੀਆਂ ਗੱਲਾਂ ਅਤੇ ਸਾਹਿਤਕ ਵਿਚਾਰਾਂ ਨੂੰ ਡਾਇਰੀ ਵਿੱਚ ਉਤਾਰਦੀ ਸੀ। ਉਹ ਡਾਇਰੀ ਨੂੰ ਇੱਕ ਅਜਿਹੀ ਜਗ੍ਹਾ ਮੰਨਦੀ ਸੀ ਜਿੱਥੇ ਮਨੁੱਖ ਬਿਨਾਂ ਕਿਸੇ ਡਰ ਜਾਂ ਰੋਕ-ਟੋਕ ਤੋਂ ਬਿਲਕੁਲ ਆਜ਼ਾਦ ਹੋ ਕੇ ਲਿਖ ਸਕਦਾ ਹੈ। ਜਦੋਂ ਆਪਣੇ ਵਰਗੀਆਂ ਗੱਲਾਂ ਕਰਨ ਵਾਲਾ ਕੋਈ ਨਾ ਮਿਲੇ, ਤਾਂ ਡਾਇਰੀ ਲਿਖਣਾ ਸਿਰਫ਼ ਇੱਕ ਆਦਤ ਨਹੀਂ, ਸਗੋਂ ਆਪਣੇ ਆਪ ਨੂੰ ਖੋਜਣ ਅਤੇ ਸਮਝਣ ਦੀ ਇੱਕ ਮਹਾਨ ਕਲਾ ਹੈ।

**-ਪਰਗਟ ਸਿੰਘ ਬਲਬੇੜਾ, 9022000070**

### ਸ਼੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ, ਵੈਰੋ ਨੰਗਲ ਵੱਲੋਂ

# ਆਜ਼ਾਦੀ ਦਿਵਸ ਮੌਕੇ ਵਾਘਾ ਬਾਰਡਰ ਦਾ ਵਿਦਿਅਕ ਦੌਰਾ






**ਚੌਕ ਮਹਿਤਾ,17 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ, ਵੈਰੋ ਨੰਗਲ ਵੱਲੋਂ ਆਜ਼ਾਦੀ ਦਿਵਸ ਦੇ ਮੌਕੇ ਵਿਦਿਆਰਥੀਆਂ ਲਈ ਵਾਘਾ ਬਾਰਡਰ ਦਾ ਵਿਸ਼ੇਸ਼ ਵਿਦਿਅਕ ਅਤੇ ਦੇਸ਼ ਭਗਤੀ ਨਾਲ ਭਰਪੂਰ ਦੌਰਾ ਕਰਵਾਇਆ ਗਿਆ। ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਦੇਸ਼ ਪ੍ਰਤੀ ਪਿਆਰ, ਦੇਸ਼ ਭਗਤੀ ਅਤੇ ਸੈਨਿਕਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਸੀ। ਸਕੂਲ ਦੇ ਡਾਇਰੈਕਟਰ ਸ. ਨਰਿੰਦਰ ਸਿੰਘ ਬਾਠ ਅਤੇ ਸ਼੍ਰੀਮਤੀ ਰਾਜਵੰਤ ਕੌਰ ਬਾਠ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਦਿਵਸ ਦੀ ਮਹੱਤਤਾ ਅਤੇ ਦੇਸ਼ ਦੀ ਰੱਖਿਆ ਕਰਨ ਵਾਲੇ ਜਵਾਨਾਂ ਦੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਇਆ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸਾਕਸ਼ੀ ਬੇਦੀ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਵਿਦਿਅਕ ਦੌਰਿਆਂ ਰਾਹੀਂ ਦੇਸ਼ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਨੇੜਿਓਂ ਸਮਝਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਵਾਘਾ ਬਾਰਡਰ ਵਿਖੇ ਹੋਣ ਵਾਲੀ ਬੀਟਿੰਗ ਰਿਟਰੀਟ ਸੈਰੇਮਨੀ ਨੂੰ ਬੜੇ ਉਤਸ਼ਾਹ ਅਤੇ ਜੋਸ਼ ਨਾਲ ਦੇਖਿਆ। ਜਦੋਂ ਭਾਰਤੀ ਜਵਾਨਾਂ ਵੱਲੋਂ ਦੇਸ਼ ਭਗਤੀ ਅਤੇ ਜੋਸ਼ ਨਾਲ ਪਰੇਡ ਕੀਤੀ ਗਈ ਤਾਂ ਪੂਰਾ ਮਾਹੌਲ ਦੇਸ਼ ਭਗਤੀ ਦੇ ਜਜ਼ਬੇ ਨਾਲ ਗੂੰਜ ਉੱਠਿਆ। ਵਿਦਿਆਰਥੀਆਂ ਨੇ "ਭਾਰਤ ਮਾਤਾ ਕੀ ਜੈ" ਅਤੇ "ਵੰਦੇ ਮਾਤਰਮ" ਦੇ ਨਾਅਰਿਆਂ ਨਾਲ ਆਪਣਾ ਦੇਸ਼ ਪ੍ਰੇਮ ਪ੍ਰਗਟ ਕੀਤਾ। ਇਸ ਦੌਰੇ ਦੌਰਾਨ ਵਿਦਿਆਰਥੀਆਂ ਦੇ ਨਾਲ ਸੰਦੀਪ ਕੌਰ, ਰਮਨਪ੍ਰੀਤ ਕੌਰ ਨਸੀਰਪੁਰ, ਸਿਮਰਨਜੀਤ ਕੌਰ, ਪਰਦੀਪ ਕੌਰ, ਸਰਬਜੀਤ ਕੌਰ, ਮਨਜੀਤ ਕੌਰ, ਜਸਮੀਲ ਕੌਰ, ਕੋਚ ਜੁਗਰਾਜ ਸਿੰਘ, ਜਸਵਿੰਦਰ ਕੌਰ ਅਤੇ ਹੋਰ ਅਧਿਆਪਕ ਮੌਜੂਦ ਰਹੇ। ਅਧਿਆਪਕਾਂ ਨੇ ਵਿਦਿਆਰਥੀਆਂ ਦੀ ਸੁਰੱਖਿਆ, ਅਨੁਸ਼ਾਸਨ ਅਤੇ ਸੁਚੱਜੇ ਪ੍ਰਬੰਧ ਨੂੰ ਯਕੀਨੀ ਬਣਾਇਆ। ਇਹ ਦੌਰਾ ਵਿਦਿਆਰਥੀਆਂ ਲਈ ਇੱਕ ਯਾਦਗਾਰ ਅਨੁਭਵ ਰਿਹਾ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਿਆ ਅਤੇ ਸਾਡੇ ਬਹਾਦਰ ਸੈਨਿਕਾਂ ਪ੍ਰਤੀ ਸਤਿਕਾਰ ਦੀ ਭਾਵਨਾ ਹੋਰ ਮਜ਼ਬੂਤ ਹੋਈ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਅਜਿਹੇ ਦੌਰੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਦੇਸ਼ ਭਗਤੀ ਅਤੇ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਕਰਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

### ਪੰਜਾਬ ਦੇ 117 ਹਲਕਿਆਂ ਦੇ ਲੋਕ ਆਪਣੇ ਹਲਕੇ ਦੀ ਜ਼ਿੰਮੇਵਾਰੀ ਚੁੱਕਣ

# ਨਵੀਂ ਪਾਰਟੀ ਵਿੱਚ ਪੁਰਾਣੇ ਚਿਹਰਿਆਂ ਨੂੰ ਟਿਕਟਾਂ ਦੇਣ ਦਾ ਵਿਰੋਧ ਕਰਨ ਦੀ ਕੀਤੀ ਅਪੀਲ : ਰੁਸਤਮ ਮੋਰਿੰਡਾ

ਮੋਰਿੰਡਾ: ਪੰਜਾਬ ਦੇ ਲੋਕ ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਮੌਕੇ ਦਿੰਦੇ ਆ ਰਹੇ ਹਨ, ਪਰ ਅੱਜ ਵੀ ਪੰਜਾਬ ਪਾਣੀ, ਨਸ਼ਾ, ਬੇਰੁਜ਼ਗਾਰੀ, ਵਧ ਰਹੀਆਂ ਚੋਰੀਆਂ, ਖਾਣ ਪੀਣ ਵਾਲੀਆਂ ਵਸਤੂਆਂ ਚ ਮਿਲਾਵਟਾਂ,ਵਪਾਰਕ ਚੁਣੌਤੀਆਂ ਅਤੇ ਕੈਮੀਕਲ ਤੇ ਫੈਕਟਰੀ ਇੰਡਸਟਰੀਆਂ ਦੇ ਵਧਦੇ ਪ੍ਰਭਾਵ ਵਰਗੇ ਗੰਭੀਰ ਮੁੱਦਿਆਂ ਨਾਲ ਜੂਝ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਹੁਣ ਸਿਆਸਤ ਵਿੱਚ ਸਿਰਫ਼ ਪਾਰਟੀ ਬਦਲਣ ਦੀ ਨਹੀਂ, ਸਗੋਂ ਸੋਚ ਬਦਲਣ ਦੀ ਲੋੜ ਹੈ। ਇਹ ਗੱਲ ਰੁਸਤਮ ਮਰਿੰਡਾ, ਕਿਸਾਨ ਯੂਨੀਅਨ ਪੁਆਧ ਵੱਲੋਂ ਪੰਜਾਬ ਦੇ ਲੋਕਾਂ ਨੂੰ ਕੀਤੀ ਅਪੀਲ ਦੌਰਾਨ ਕਹੀ ਗਈ। ਰੁਸਤਮ ਮਰਿੰਡਾ ਨੇ ਕਿਹਾ ਕਿ ਪੰਜਾਬ ਦੇ ਲੋਕ ਪੁਰਾਣੀਆਂ ਸਾਰੀਆਂ ਸਿਆਸੀ ਪਾਰਟੀਆਂ ਤੋਂ ਥੱਕ ਚੁੱਕੇ ਹਨ ਅਤੇ ਕਈ ਵਾਰ ਨਵੀਂ ਪਾਰਟੀ ਨੂੰ ਇਸ ਉਮੀਦ ਨਾਲ ਮੌਕਾ ਦਿੰਦੇ ਹਨ ਕਿ ਸ਼ਾਇਦ ਪੰਜਾਬ ਦੇ ਹਾਲਾਤ ਬਦਲਣਗੇ। ਪਰ ਜੇਕਰ ਕੋਈ ਸਿਆਸੀ ਪਾਰਟੀ ਪੰਜਾਬ ਦੇ ਲੋਕਾਂ ਤੋਂ ਇੱਕ ਵਾਰ ਮੌਕਾ ਲੈਣ ਤੋਂ ਬਾਅਦ ਵੀ ਪੰਜਾਬ ਦੇ ਬੁਨਿਆਦੀ ਮੁੱਦਿਆਂ ਉੱਤੇ ਕੰਮ ਨਹੀਂ ਕਰਦੀ ਅਤੇ ਲੋਕ ਉਸੇ ਪਾਰਟੀ ਨੂੰ ਦੁਬਾਰਾ ਮੌਕਾ ਦੇ ਦਿੰਦੇ ਹਨ ਤਾਂ ਇਹ ਪੰਜਾਬ ਦੀ ਸਿਆਸਤ ਲਈ ਇੱਕ ਖ਼ਤਰਨਾਕ ਰੁਝਾਨ ਹੋ ਸਕਦਾ ਹੈ। ਰੁਸਤਮ ਮਰਿੰਡਾ ਨੇ ਕਿਹਾ ਕਿ ਜੇਕਰ ਪੰਜਾਬ ਦੇ ਲੋਕ ਇਸ ਵਾਰ ਕਿਸੇ ਨਵੀਂ ਸਿਆਸੀ ਪਾਰਟੀ ਨੂੰ ਮੌਕਾ ਦੇਣ ਬਾਰੇ ਸੋਚ ਰਹੇ ਹਨ ਤਾਂ ਸਭ ਤੋਂ ਪਹਿਲੀ ਅਤੇ ਸਭ ਤੋਂ ਜ਼ਰੂਰੀ ਗੱਲ ਇਹ ਹੋਣੀ ਚਾਹੀਦੀ ਹੈ ਕਿ ਉਸ ਨਵੀਂ ਪਾਰਟੀ ਵਿੱਚ ਪੁਰਾਣੇ ਸਿਆਸੀ ਚਿਹਰਿਆਂ ਨੂੰ ਦੁਬਾਰਾ ਅੱਗੇ ਨਾ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਨਵੀਂ ਪਾਰਟੀ ਦੇ ਨਾਮ ਹੇਠ ਉਹੀ ਪੁਰਾਣੇ ਚਿਹਰੇ, ਉਹੀ ਪੁਰਾਣੀ ਸੋਚ ਅਤੇ ਉਹੀ ਪੁਰਾਣੀ ਸਿਆਸਤ ਵਾਪਸ ਆ ਜਾਂਦੀ ਹੈ ਤਾਂ ਫਿਰ ਇਸ ਨੂੰ ਨਵੀਂ ਸਿਆਸਤ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜੇਕਰ ਨਵੇਂ ਚਿਹਰਿਆਂ ਨੂੰ ਸਿਆਸਤ ਵਿੱਚ ਲਿਆਂਦਾ ਜਾਂਦਾ ਹੈ ਤਾਂ ਉਹ ਸਿਰਫ਼ ਨਵੇਂ ਜਾਂ ਨੌਜਵਾਨ ਹੋਣਾ ਹੀ ਕਾਫ਼ੀ ਨਹੀਂ। ਉਨ੍ਹਾਂ ਦੀ ਨੀਅਤ ਪੰਜਾਬ ਪੱਖੀ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਅੰਦਰ ਪੰਜਾਬ ਦਾ ਦਰਦ ਹੋਵੇ, ਪੰਜਾਬ ਦੇ ਭਵਿੱਖ ਦੀ ਚਿੰਤਾ ਹੋਵੇ ਅਤੇ ਉਨ੍ਹਾਂ ਦੀ ਸੋਚ ਵਿਅਕਤੀਗਤ ਲਾਭ ਦੀ ਬਜਾਏ ਪੰਜਾਬ ਨੂੰ ਅੱਗੇ ਲਿਜਾਣ ਦੀ ਹੋਵੇ। ਅਜਿਹੇ ਲੋਕ ਹੀ ਪੰਜਾਬ ਦੀ ਸਿਆਸਤ ਵਿੱਚ ਬਦਲਾਅ ਲਿਆ ਸਕਦੇ ਹਨ। ਰੁਸਤਮ ਮਰਿੰਡਾ ਨੇ ਕਿਹਾ ਕਿ ਸਿਆਸਤ ਵਿੱਚ ਉਹਨਾਂ ਲੋਕਾਂ ਨੂੰ ਤਰਜੀਹ ਮਿਲਣੀ ਚਾਹੀਦੀ ਹੈ ਜਿਨ੍ਹਾਂ ਦੇ ਅੰਦਰ ਸੇਵਾ ਦੀ ਭਾਵਨਾ ਹੋਵੇ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਲੰਬੇ ਸਮੇਂ ਤੋਂ ਸਮਾਜ ਲਈ ਕੰਮ ਕਰ ਰਹੇ ਹਨ, ਲੋਕਾਂ ਦੀਆਂ ਸਮੱਸਿਆਵਾਂ ਵਿੱਚ ਖੜ੍ਹਦੇ ਹਨ, ਲੋਕਾਂ ਦਾ ਇਲਾਜ ਕਰਵਾਉਣ ਵਿੱਚ ਮਦਦ ਕਰਦੇ ਹਨ, ਲੋਕਾਂ ਲਈ ਆਵਾਜ਼ ਉਠਾਉਂਦੇ ਹਨ, ਸਮਾਜਿਕ ਕੰਮ ਕਰਦੇ ਹਨ ਜਾਂ ਐੱਨਜੀਓਜ਼ ਰਾਹੀਂ ਲੋਕਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੇ ਕੰਮ ਤੋਂ ਇਹ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਕਰਨ ਦੀ ਆਦਤ ਹੈ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਨੂੰ ਸਿਆਸਤ ਵਿੱਚ ਮੌਕਾ ਮਿਲਣਾ ਚਾਹੀਦਾ ਹੈ, ਕਿਉਂਕਿ ਜਿਹੜਾ ਵਿਅਕਤੀ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਹੀ ਲੋਕਾਂ ਲਈ ਆਪਣਾ ਸਮਾਂ, ਮਿਹਨਤ ਅਤੇ ਸਰੋਤ ਲਗਾ ਰਿਹਾ ਹੈ, ਉਸ ਤੋਂ ਲੋਕਾਂ ਦੀ ਸੇਵਾ ਦੀ ਉਮੀਦ ਕੀਤੀ ਜਾ ਸਕਦੀ ਹੈ। ਇਸ ਦੇ ਉਲਟ ਜੇਕਰ ਹਰ ਵਾਰ ਪੈਰਾਸ਼ੂਟ ਰਾਹੀਂ ਨਵੇਂ ਸਿਆਸਤਦਾਨ ਲਿਆਂਦੇ ਜਾਣ ਅਤੇ ਸਿਰਫ਼ ਪੈਸੇ ਜਾਂ ਪ੍ਰਭਾਵ ਦੇ ਆਧਾਰ 'ਤੇ ਟਿਕਟਾਂ ਲੈ ਕੇ ਸਿਆਸਤ ਵਿੱਚ ਆਉਣ ਵਾਲੇ ਲੋਕਾਂ ਨੂੰ ਮੌਕਾ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਸੋਚ ਕਿਤੇ ਨਾ ਕਿਤੇ ਵਿਅਕਤੀਗਤ ਲਾਭ ਦੇ ਆਲੇ-ਦੁਆਲੇ ਰਹਿ ਸਕਦੀ ਹੈ। ਅਜਿਹੇ ਲੋਕ ਆਪਣਾ ਲਗਾਇਆ ਪੈਸਾ ਪੂਰਾ ਕਰਨ ਅਤੇ ਆਪਣੇ ਆਪ ਨੂੰ ਕਾਮਯਾਬ ਕਰਨ ਬਾਰੇ ਜ਼ਿਆਦਾ ਸੋਚ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਜਿਹੇ ਆਗੂਆਂ ਦੀ ਲੋੜ ਹੈ ਜਿਹੜੇ ਪੰਜਾਬ ਦੇ ਦਰਦ ਨੂੰ ਸਮਝਦੇ ਹੋਣ, ਪੰਜਾਬ ਲਈ ਫਿਕਰਮੰਦ ਹੋਣ ਅਤੇ ਇਹ ਸੋਚ ਰੱਖਦੇ ਹੋਣ ਕਿ ਪੰਜਾਬ ਆਰਥਿਕ, ਸਮਾਜਿਕ ਅਤੇ ਹਰ ਪੱਖੋਂ ਖੁਸ਼ਹਾਲ ਹੋਵੇ। ਰੁਸਤਮ ਮਰਿੰਡਾ ਨੇ ਕਿਹਾ ਕਿ ਜੇਕਰ ਕੋਈ ਨਵੀਂ ਸਿਆਸੀ ਪਾਰਟੀ ਪੰਜਾਬ ਵਿੱਚ ਆਉਂਦੀ ਹੈ ਪਰ ਉਹ ਵੀ ਪੁਰਾਣੇ ਸਿਆਸੀ ਚਿਹਰਿਆਂ ਨੂੰ ਟਿਕਟਾਂ ਵੰਡ ਕੇ ਉਹੀ ਪੁਰਾਣੀ ਸਿਆਸਤ ਕਰਦੀ ਹੈ ਤਾਂ ਇਹ ਪੰਜਾਬ ਲਈ ਬਹੁਤ ਖ਼ਤਰਨਾਕ ਗੱਲ ਹੋਵੇਗੀ। ਉਨ੍ਹਾਂ ਕਿਹਾ ਕਿ ਫਿਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਕਹੀ ਗੱਲ—"ਲੋਕ ਬਦਲੇ ਨੇ, ਸਰਕਾਰਾਂ ਹੋਈਆਂ ਨੇ"—ਵਾਲੀ ਸਥਿਤੀ ਬਣ ਜਾਵੇਗੀ। ਸਿਰਫ਼ ਸਰਕਾਰ ਜਾਂ ਪਾਰਟੀ ਦਾ ਨਾਮ ਬਦਲਣ ਨਾਲ ਪੰਜਾਬ ਦੀ ਤਸਵੀਰ ਨਹੀਂ ਬਦਲੇਗੀ, ਜਦੋਂ ਤੱਕ ਸਿਆਸਤ ਕਰਨ ਵਾਲੇ ਚਿਹਰੇ ਅਤੇ ਸੋਚ ਨਹੀਂ ਬਦਲਦੀ। ਉਨ੍ਹਾਂ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਵਾਰ ਪੰਜਾਬ ਦੀ ਸਿਆਸਤ ਦੀ ਵਾਗਡੋਰ ਪੰਜਾਬ ਦੇ ਲੋਕਾਂ ਦੇ ਆਪਣੇ ਹੱਥ ਵਿੱਚ ਹੋਣੀ ਚਾਹੀਦੀ ਹੈ। ਹਰ ਹਲਕੇ ਦੇ ਲੋਕਾਂ ਨੂੰ ਆਪਣੇ ਹਲਕੇ ਦੀ ਜ਼ਿੰਮੇਵਾਰੀ ਖ਼ੁਦ ਚੁੱਕਣੀ ਪਵੇਗੀ ਅਤੇ ਆਪਣੇ ਉਮੀਦਵਾਰ ਦੀ ਪੂਰੀ ਜਾਂਚ-ਪੜਤਾਲ ਕਰਨੀ ਪਵੇਗੀ ਕਿ ਉਹ ਵਿਅਕਤੀ ਪੰਜਾਬ ਅਤੇ ਲੋਕਾਂ ਲਈ ਕੀ ਕਰਦਾ ਰਿਹਾ ਹੈ ਅਤੇ ਉਸ ਦੀ ਸਿਆਸਤ ਦੇ ਪਿੱਛੇ ਮਨਸ਼ਾ ਕੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨਵੀਂ ਪਾਰਟੀ ਕਿਸੇ ਹਲਕੇ ਵਿੱਚ ਪੁਰਾਣੇ ਸਿਆਸੀ ਚਿਹਰੇ ਨੂੰ ਟਿਕਟ ਦਿੰਦੀ ਹੈ ਤਾਂ ਉਸ ਹਲਕੇ ਦੇ ਲੋਕਾਂ ਨੂੰ ਉਸ ਚਿਹਰੇ ਦਾ ਵਿਰੋਧ ਕਰਨਾ ਚਾਹੀਦਾ ਹੈ। ਇਹ ਵਿਰੋਧ ਕਿਸੇ ਵਿਅਕਤੀਗਤ ਦੁਸ਼ਮਣੀ ਲਈ ਨਹੀਂ, ਸਗੋਂ ਪਾਰਟੀ ਦੀ ਲੀਡਰਸ਼ਿਪ ਤੱਕ ਲੋਕਾਂ ਦੀ ਆਵਾਜ਼ ਪਹੁੰਚਾਉਣ ਲਈ ਹੋਣਾ ਚਾਹੀਦਾ ਹੈ। ਜਦੋਂ ਲੋਕ ਆਪਣੀ ਗੱਲ ਸਪੱਸ਼ਟ ਤਰੀਕੇ ਨਾਲ ਪਾਰਟੀ ਤੱਕ ਪਹੁੰਚਾਉਣਗੇ ਤਾਂ ਪਾਰਟੀ ਵੀ ਇਹ ਸੋਚਣ ਲਈ ਮਜਬੂਰ ਹੋਵੇਗੀ ਕਿ ਪੰਜਾਬ ਦੇ ਲੋਕ ਅਸਲ ਵਿੱਚ ਕਿਸ ਤਰ੍ਹਾਂ ਦੀ ਸਿਆਸਤ ਅਤੇ ਕਿਸ ਤਰ੍ਹਾਂ ਦੇ ਚਿਹਰੇ ਚਾਹੁੰਦੇ ਹਨ। ਰੁਸਤਮ ਮਰਿੰਡਾ ਨੇ ਕਿਹਾ ਕਿ ਪੰਜਾਬ ਨੂੰ ਬਦਲਣ ਦੀ ਅਸਲ ਤਾਕਤ ਪੰਜਾਬ ਦੇ ਲੋਕਾਂ ਕੋਲ ਹੈ। ਜੇਕਰ ਲੋਕ ਆਪਣੇ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਹਿੱਤ ਵਿੱਚ ਵੋਟ ਪਾਉਣਗੇ ਅਤੇ ਅਜਿਹੇ ਉਮੀਦਵਾਰ ਚੁਣਨਗੇ ਜਿਨ੍ਹਾਂ ਦੀ ਪਹਿਚਾਣ ਲੋਕਾਂ ਦੀ ਸੇਵਾ, ਸਾਫ਼ ਨੀਅਤ ਅਤੇ ਪੰਜਾਬ ਪ੍ਰਤੀ ਦਰਦ ਨਾਲ ਹੋਵੇ, ਤਾਂ ਹੀ ਪੰਜਾਬ ਨੂੰ ਇੱਕ ਨਵੀਂ ਅਤੇ ਖੁਸ਼ਹਾਲ ਦਿਸ਼ਾ ਵੱਲ ਲਿਜਾਇਆ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸ ਹਰਵੇਲ ਸਿੰਘ ਮਾਧੋਪੁਰ ਹੋਣਗੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਐੱਸ ਸੀ ਵਿੰਗ ਦੇ ਪ੍ਰਧਾਨ - ਸ ਵਡਾਲਾ



**ਚੰਡੀਗੜ੍ਹ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਾਰਟੀ ਦੇ ਸਕੱਤਰ ਜਨਰਲ ਸ ਗੁਰਪ੍ਰਤਾਪ ਸਿੰਘ ਵਡਾਲਾ ਨੇ ਸ ਹਰਵੇਲ ਸਿੰਘ ਮਾਧੋਪੁਰ ਨੂੰ ਪਾਰਟੀ ਦੇ ਐੱਸ.ਸੀ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ। ਸ ਵਡਾਲਾ ਨੇ ਦੱਸਿਆ ਕਿ ਸ ਹਰਵੇਲ ਸਿੰਘ ਐਮ.ਏ, ਬੀ-ਐੱਡ, ਐਲ.ਐਲ.ਬੀ ਪਾਸ, ਇਕ ਪੜ੍ਹੇ ਲਿਖੇ ਇਮਾਨਦਾਰ ਤੇ ਮਿਹਨਤੀ ਇਨਸਾਨ ਹਨ। ਪ੍ਰਸ਼ਾਸਨਿਕ ਤਜਰਬੇ ਵਜੋਂ ਉਹ ਰਿਟਾਇਰਡ ਜਿਲਾ ਸਿੱਖਿਆ ਅਫ਼ਸਰ (ਸੈਕੰਡਰੀ) ਹਨ ਅਤੇ ਬਤੌਰ ਪ੍ਰਿੰਸੀਪਲ ਕਈ ਥਾਵਾਂ 'ਤੇ ਸੇਵਾਵਾਂ ਨਿਭਾਅ ਚੁੱਕੇ ਹਨ। ਸ ਮਾਧੋਪੁਰ ਅਧਿਆਪਕ ਯੂਨੀਅਨ ਵਿੱਚ ਅਤੇ ਭਾਰਤੀ ਘੱਟ ਗਿਣਤੀ ਅਤੇ ਦਲਿੱਤ ਫਰੰਟ ਵਿੱਚ ਵੀ ਬਤੌਰ ਜਨਰਲ ਸਕੱਤਰ ਆਪਣੀਆਂ ਸੇਵਾਵਾਂ ਦੇਂਦੇ ਰਹੇ ਹਨ। ਮੌਜੂਦਾ ਸਮੇਂ ਵਿੱਚ ਵੀ ਉਹ ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਦੇ ਨਾਲ-ਨਾਲ ਹੋਰ ਵੀ ਕਈ ਸਮਾਜਿਕ ਸੰਸਥਾਵਾਂ ਵਿੱਚ ਕੰਮ ਕਰ ਰਹੇ ਹਨ। ਇਸ ਲਈ ਪਾਰਟੀ ਨੇ ਉਹਨਾਂ ਵੱਲੋਂ ਕੀਤੀਆਂ ਸੇਵਾਵਾਂ ਅਤੇ ਉਹਨਾਂ ਦੇ ਜੁਝਾਰੂ ਜਜਬੇ ਨੂੰ ਸਨਮੁੱਖ ਰੱਖਦਿਆਂ, ਪਾਰਟੀ ਦੇ ਐੱਸ.ਸੀ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਪਾਰਟੀ ਵੱਲੋਂ ਦਿੱਤੀ ਗਈ ਇਸ ਜਿੰਮੇਵਾਰੀ ਦੇ ਨਾਲ ਹੀ ਉਹਨਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਜਲਦੀ ਤੋ ਜਲਦੀ ਐਸ.ਸੀ ਵਿੰਗ ਦੇ ਜਥੇਬੰਦਕ ਢਾਂਚੇ ਅਤੇ ਜਿਲ੍ਹਾ ਪੱਧਰੀ ਢਾਂਚੇ ਨੂੰ ਲਾਮਬੱਧ ਕੀਤਾ ਜਾਵੇ। ਪ੍ਰੈਸ ਨੂੰ ਇਹ ਜਾਣਕਾਰੀ ਮੀਡੀਆ ਇੰਚਾਰਜ ਤਜਿੰਦਰ ਸਿੰਘ ਪੰਨੂੰ ਵੱਲੋਂ ਦਿੱਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਿਮਲਾ ਬਣੇਗੀ 'ਡੈਮੋਕ੍ਰੈਟਿਕ ਰਿਪਬਲਿਕ ਆਫ਼ ਖਾਲਿਸਤਾਨ': ਪਨੂੰ



ਨਵੀਂ ਦਿੱਲੀ 17 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਖਾਲਿਸਤਾਨ ਰੈਫਰੈਂਡਮ ਮੁਹਿੰਮ ਦੌਰਾਨ ਐਸਐਫਜੇ ਵੱਲੋਂ ਸ਼ਿਮਲਾ ਨੂੰ 'ਡੈਮੋਕ੍ਰੈਟਿਕ ਰਿਪਬਲਿਕ ਆਫ਼ ਖਾਲਿਸਤਾਨ' ਦੀ ਰਾਜਧਾਨੀ ਐਲਾਨਣ ਦਾ ਦਾਅਵਾ ਕੀਤਾ ਗਿਆ ਹੈ। ਗੁਰਪਤਵੰਤ ਸਿੰਘ ਪਨੂੰ ਦੇ ਹਵਾਲੇ ਨਾਲ ਕਿਹਾ ਗਿਆ ਕਿ ਸ਼ਿਮਲਾ ਨੂੰ ਭਵਿੱਖ ਦੇ ਖਾਲਿਸਤਾਨ ਦੀ ਰਾਜਧਾਨੀ ਬਣਾਉਣ ਦਾ ਫ਼ੈਸਲਾ ਮੁਹਿੰਮ ਦੇ ਅਗਲੇ ਪੜਾਅ ਦਾ ਸੰਕੇਤ ਹੈ। ਐਸਐਫਜੇ ਨੇ ਇਸ ਦੇ ਨਾਲ ਹੀ ਅਗਲਾ ਰੈਫਰੈਂਡਮ 18 ਅਕਤੂਬਰ 2026 ਨੂੰ ਅਲਬਰਟਾ, ਕੈਨੇਡਾ ਵਿੱਚ ਕਰਵਾਉਣ ਦਾ ਐਲਾਨ ਕੀਤਾ ਹੈ, ਜਿਸ ਨੂੰ ਐਡਮੰਟਨ ਵਿੱਚ ਕੈਨੇਡੀਅਨ ਸਿੱਖ ਕਾਰਕੁਨਾਂ ਅਤੇ ਮਾਰੇ ਗਏ ਸਿੱਖਾਂ ਦੀ ਯਾਦ ਨੂੰ ਸਮਰਪਿਤ ਕਰਨ ਦੀ ਗੱਲ ਕਹੀ ਗਈ ਹੈ। ਇਸ ਸੰਦਰਭ ਵਿੱਚ ਐਸਐਫਜੇ ਵੱਲੋਂ ਹਰਦੀਪ ਸਿੰਘ ਨਿੱਝਰ, ਤਲਵਿੰਦਰ ਸਿੰਘ ਪਰਮਾਰ ਅਤੇ ਲਖਬੀਰ ਸਿੰਘ ਰੋਡੇ ਦੇ ਨਾਮ ਵੀ ਲਏ ਗਏ ਹਨ। ਹਾਲਾਂਕਿ ਸ਼ਿਮਲਾ ਨੂੰ ਖਾਲਿਸਤਾਨ ਦੀ ਰਾਜਧਾਨੀ ਬਣਾਉਣ ਦਾ ਇਹ ਐਲਾਨ ਇਸ ਵੇਲੇ ਐਸਐਫਜੇ ਦੇ ਰਾਜਨੀਤਿਕ ਦਾਅਵੇ ਵਜੋਂ ਹੀ ਸਾਹਮਣੇ ਆਇਆ ਹੈ, ਜਿਸ ਦੀ ਕੋਈ ਅਧਿਕਾਰਤ ਸਰਕਾਰੀ ਮਾਨਤਾ ਨਹੀਂ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਜਥੇਦਾਰ ਜੀ, ਸਿੱਖ ਆਬਾਦੀ ਦੀ ਚਿੰਤਾ 'ਚ ਧਰਮ ਪਰਿਵਰਤਨ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ: ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਹਰ ਸਿੱਖ ਪਰਿਵਾਰ ਨੂੰ ਤਿੰਨ ਬੱਚੇ ਪੈਦਾ ਕਰਨ ਦੀ ਕੀਤੀ ਨਸੀਹਤ ਪੰਥਕ ਅਤੇ ਸਮਾਜਿਕ ਪੱਖੋਂ ਸਵਾਗਤਯੋਗ ਹੈ ਪਰ ਇਹ ਸੰਦੇਸ਼ ਉਸ ਵੇਲੇ ਅਧੂਰਾ ਰਹਿ ਜਾਂਦਾ ਹੈ, ਜਦੋਂ ਸਿੱਖ ਆਬਾਦੀ ਘਟਣ ਦੇ

### ਵਿਚਾਰ ਆਪੋ-ਆਪਣਾ

ਅਸਲ ਕਾਰਨਾਂ ਵਿੱਚ ਧਰਮ ਪਰਿਵਰਤਨ ਵਰਗੀ ਗੰਭੀਰ ਚੁਣੌਤੀ ਦਾ ਜ਼ਿਕਰ ਹੀ ਨਹੀਂ ਕੀਤਾ ਜਾਂਦਾ।

ਪ੍ਰੋ. ਖਿਆਲਾ ਨੇ ਕਿਹਾ ਕਿ ਪੰਜਾਬ ਦੇ ਗ.ਰੀਬ ਅਤੇ ਪਛੜੇ ਸਿੱਖ ਪਰਿਵਾਰਾਂ ਖਾਸ ਕਰਕੇ ਸਰਹੱਦੀ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਹੋ ਰਹੇ ਧਰਮ ਪਰਿਵਰਤਨ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ ਬੱਚਿਆਂ ਦੀ ਗਿਣਤੀ ਵਧਾਉਣ ਤਕ ਗਲ ਨੂੰ ਸੀਮਤ ਰੱਖਣਾ ਸਮੱਸਿਆ ਦਾ ਪੂਰਾ ਹੱਲ ਨਹੀਂ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਅਖੌਤੀ ਚਰਚਾਂ ਵੱਲੋਂ ਚੱਲ ਰਹੀਆਂ ਧਰਮ ਪਰਿਵਰਤਨ ਦੀਆਂ ਗਤੀਵਿਧੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਰਾਜਨੀਤਿਕ ਲਾਭ ਲਈ ਕਦੇ ਗੰਭੀਰਤਾ ਨਾਲ ਰੋਕਣਾ ਤਾਂ ਦੂਰ ਸਗੋਂ ਹਮਾਇਤੀ ਨਜ਼ਰੀਆ ਅਪਣਾਇਆ ਜਾਂਦਾ ਰਿਹਾ। ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪਰਿਵਰਤਨ ਪ੍ਰਤੀ ਅਪਣਾਇਆ ਜਾ ਰਿਹਾ ਅਵੇਸਲਾਪਣ ਉਕਤ ਦਲੀਲ ਦਾ ਪ੍ਰਤੱਖ ਸਬੂਤ ਹੈ।

ਉਨ੍ਹਾਂ ਕਿਹਾ ਕਿ ਜਥੇਦਾਰ ਦਾ ਬਿਆਨ ਉਸ ਵੇਲੇ ਪੰਥਕ ਨਾਲੋਂ ਵੱਧ ਰਾਜਨੀਤਿਕ ਰੰਗ ਧਾਰ ਲੈਂਦਾ ਹੈ, ਜਦੋਂ ਉਹ ਅਣਵੰਡੇ ਪੰਜਾਬ ਵਿੱਚ ਸਿੱਖਾਂ ਦੀ 50 ਫ਼ੀਸਦੀ ਜ਼ਮੀਨ ਮਾਲਕੀ ਅਤੇ ਕੇਵਲ ਦੋ ਜ਼ਿਲ੍ਹਿਆਂ ਦੀ ਬਹੁਗਿਣਤੀ ਦਾ ਹਵਾਲਾ ਦਿੰਦੇ ਹਨ। ਲੋਕਤੰਤਰ ਵਿੱਚ ਸੱਤਾ ਅਤੇ ਨੁਮਾਇੰਦਗੀ ਦਾ ਆਧਾਰ ਸਿਰਾਂ ਦੀ ਗਿਣਤੀ ਹੁੰਦੀ ਹੈ, ਇਸ ਲਈ ਅਜਿਹੇ ਤਰਕ ਸੁਭਾਵਿਕ ਤੌਰ 'ਤੇ ਰਾਜਨੀਤਿਕ ਅਰਥ ਵੀ ਧਾਰਨ ਕਰ ਲੈਂਦੇ ਹਨ। ਪ੍ਰੋ. ਖਿਆਲਾ ਨੇ ਕਿਹਾ ਕਿ ਵੰਡ ਤੋਂ ਬਾਅਦ ਪਾਕਿਸਤਾਨ ਵਿੱਚ ਰਹਿ ਗਈ ਸਿੱਖ ਆਬਾਦੀ ਅੱਜ ਘਟ ਕੇ ਕੇਵਲ 16 ਹਜ਼ਾਰ ਭਾਵ ਕੁਲ ਅਬਾਦੀ ਦਾ ਕੇਵਲ 0.01% ਰਹਿ ਗਈ ਹੈ। ਉੱਥੇ ਹਿੰਦੂ-ਸਿੱਖ ਭਾਈਚਾਰੇ 'ਤੇ ਦਮਨ, ਧੀਆਂ-ਭੈਣਾਂ ਦੇ ਜਬਰੀ ਅਗਵਾ, ਧਰਮ ਤਬਦੀਲੀ ਅਤੇ ਆਪਣੇ ਨਾਲੋਂ ਕਈ ਗੁਣਾ ਵੱਧ ਉਮਰ ਦੇ ਮਰਦਾਂ ਨਾਲ ਜ਼ਬਰਦਸਤੀ ਵਿਆਹ ਕਰਵਾਉਣ ਦੀਆਂ ਹਿਰਦੇ-ਵੇਦਕ ਤੇ ਦਰਦਨਾਕ ਘਟਨਾਵਾਂ ਜੋ ਅੱਜ ਵੀ ਸਾਹਮਣੇ ਆ ਰਹੀਆਂ ਹਨ, ਮਨੁੱਖੀ ਅਧਿਕਾਰਾਂ 'ਤੇ ਕਲੰਕ ਹਨ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਵੱਲੋਂ ਹਰ ਹਿੰਦੂ ਪਰਿਵਾਰ ਨੂੰ ਤਿੰਨ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਹਰ ਸਿੱਖ ਪਰਿਵਾਰ ਨੂੰ ਪੰਜ ਬੱਚੇ ਪੈਦਾ ਕਰਨ ਦੀ ਗੁਹਾਰ ਵੀ ਇਸੇ ਚਿੰਤਾ ਦੇ ਪ੍ਰਸੰਗ ਵਿੱਚ ਦਿੱਤੀ ਗਈ ਸੀ, ਕਿਉਂਕਿ ਭਾਰਤ ਦੀ ਜਣਨ ਦਰ 2.1 ਤੋਂ ਵੀ ਹੇਠਾਂ ਡਿੱਗ ਰਹੀ ਹੈ। ਉਥੇ ਹੀ ਸਿੱਖਾਂ ਦੀ ਜਣਨ ਦਰ ਕੇਵਲ 1.6 ਤੋਂ 1.7 ਪ੍ਰਤੀ ਔਰਤ ਰਹਿ ਜਾਣਾ ਚਿੰਤਾਜਨਕ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਸਿੱਖ ਆਬਾਦੀ ਵਿੱਚ ਗਿਰਾਵਟ ਦੇ ਕਾਰਨਾਂ ਵਿੱਚ ਸਿੱਖਿਆ ਦਾ ਵਧਦਾ ਪੱਧਰ, ਸ਼ਹਿਰੀਕਰਨ, ਜੀਵਨ-ਸ਼ੈਲੀ ਵਿੱਚ ਬਦਲਾਅ, ਪਰਿਵਾਰ ਨਿਯੋਜਨ ਬਾਰੇ ਜਾਗਰੂਕਤਾ, ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਲਾਇਨ ਅਤੇ ਆਰਥਿਕ ਚੁਣੌਤੀਆਂ ਵੀ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਸਿੱਖ ਆਬਾਦੀ ਬਾਰੇ ਚਿੰਤਾ ਜਾਇਜ਼ ਹੋ ਸਕਦੀ ਹੈ, ਪਰ ਅਸਲ ਤਰਜੀਹ ਕੇਵਲ ਵੱਧ ਬੱਚੇ ਪੈਦਾ ਕਰਨ ਵਿੱਚ ਨਹੀਂ, ਸਗੋਂ ਉਨ੍ਹਾਂ ਵਿੱਚ ਗੁਰਮਤਿ ਅਨੁਸਾਰ ਚੰਗੇ ਸੰਸਕਾਰ, ਉੱਚਾ ਚਰਿੱਤਰ ਅਤੇ ਉੱਚੀ ਸਿੱਖਿਆ ਗ੍ਰਸਤ ਪੀੜੀ ਦਾ ਨਿਰਮਾਣ ਹੋਣਾ ਚਾਹੀਦਾ ਹੈ। ਇਹੀ ਪੰਥ ਅਤੇ ਸਮਾਜ ਦੀ ਸਥਾਈ ਤਾਕਤ ਦਾ ਅਸਲ ਆਧਾਰ ਹੋ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### 1947 ਦਾ ਫ਼ੈਸਲਾ ਮਨਜ਼ੂਰ ਨਹੀਂ—ਲੰਡਨ ਵਿੱਚ ਸਿੱਖ ਨੇਸ਼ਨ ਨੇ

# ਬ੍ਰਿਟਿਸ਼ ਸਰਕਾਰ ਅੱਗੇ ਪੰਜਾਬ ਦੀ ਪ੍ਰਭੂਸੱਤਾ ਦਾ ਮੁੱਦਾ ਚੁੱਕਿਆ



ਨਵੀਂ ਦਿੱਲੀ, 17 ਅਗਸਤ (ਮਨਪ੍ਰੀਤ ਸਿੰਘ ਖਾਲਸਾ):— ਸਿੱਖ ਨੇਸ਼ਨ ਦੇ ਨੁਮਾਇੰਦਿਆਂ ਵੱਲੋਂ 15 ਅਗਸਤ ਨੂੰ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੇ ਦਫ਼ਤਰ 10 ਡਾਊਨਿੰਗ ਸਟਰੀਟ ਵਿੱਚ ਇੱਕ ਕਾਨੂੰਨੀ ਮੈਮੋਰੈਂਡਮ ਸੌਂਪਿਆ ਗਿਆ।ਮੈਮੋਰੈਂਡਮ ਵਿੱਚ ਸਿੱਖ ਕੌਮ ਦੀ ਅਣ-ਸੌਂਪੀ ਪ੍ਰਭੂਸੱਤਾ ਦਾ ਦਾਅਵਾ ਕਰਦਿਆਂ ਇਤਿਹਾਸਕ ਮਾਤ-ਭੂਮੀ ਦੀ ਬਹਾਲੀ ਦੀ ਮੰਗ ਉਠਾਈ ਗਈ ਹੈ। ਮੈਮੋਰੈਂਡਮ ਵਿੱਚ ਮੌਜੂਦਾ ਭਾਰਤ-ਪ੍ਰਸ਼ਾਸਿਤ ਪੰਜਾਬ ਨੂੰ ਇਸ ਬਹਾਲੀ ਲਈ ਮੁੱਖ ਕਾਨੂੰਨੀ ਦਾਇਰਾ ਅਤੇ ਪ੍ਰਵੇਸ਼-ਬਿੰਦੂ ਦੱਸਿਆ ਗਿਆ ਹੈ। ਦਸਤਾਵੇਜ਼ ਵਿੱਚ ਬ੍ਰਿਟਿਸ਼ ਵੱਲੋਂ ਸਿੱਖ ਸਾਮਰਾਜ ਉੱਤੇ ਕਬਜ਼ੇ ਅਤੇ 1947 ਦੀ ਵੰਡ ਦੀ ਕਾਨੂੰਨੀ ਵੈਧਤਾ ਨੂੰ ਚੁਣੌਤੀ ਦਿੰਦਿਆਂ ਦਾਅਵਾ ਕੀਤਾ ਗਿਆ ਹੈ ਕਿ 1947 ਵਿੱਚ ਹੋਇਆ ਸੱਤਾ ਤਬਾਦਲਾ ਸਿੱਖ ਲੋਕਾਂ ਦੀ ਸਪੱਸ਼ਟ ਸਹਿਮਤੀ ਤੋਂ ਬਿਨਾਂ ਕੀਤਾ ਗਿਆ ਸੀ।ਮੈਮੋਰੈਂਡਮ ਵਿੱਚ ਰੈਡਕਲਿਫ ਲਾਈਨ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਪੰਜਾਬ ਦੀ ਵੰਡ ਬਾਰੇ ਸਿੱਖ ਲੋਕਾਂ ਤੋਂ ਕੋਈ ਸੁਤੰਤਰ ਲੋਕਤੰਤਰੀ ਜਨਮਤ ਨਹੀਂ ਲਿਆ ਗਿਆ। ਦਸਤਾਵੇਜ਼ ਅਨੁਸਾਰ ਇਸ ਪ੍ਰਕਿਰਿਆ ਨੇ ਸਿੱਖਾਂ ਦੀ ਇਤਿਹਾਸਕ ਰਾਜਨੀਤਿਕ ਹਸਤੀ ਨੂੰ ਨਵੇਂ ਪ੍ਰਸ਼ਾਸਨਿਕ ਢਾਂਚੇ ਵਿੱਚ ਘੱਟ-ਗਿਣਤੀ ਦੀ ਸਥਿਤੀ ਵਿੱਚ ਧੱਕ ਦਿੱਤਾ। ਸਿੱਖ ਨੇਸ਼ਨ ਦੇ ਨੁਮਾਇੰਦਿਆਂ ਨੇ 1973 ਦੇ ਅਨੰਦਪੁਰ ਸਾਹਿਬ ਮਤੇ ਦੇ ਭਾਰਤ ਅੰਦਰ ਖੁਦਮੁਖਤਿਆਰੀ ਵਾਲੇ ਮਾਡਲ ਨੂੰ ਵੀ ਰੱਦ ਕਰਦਿਆਂ ਕਿਹਾ ਹੈ ਕਿ ਹੁਣ ਮੰਗ ਭਾਰਤੀ ਸੰਘ ਅੰਦਰ ਵਧੇਰੇ ਅਧਿਕਾਰਾਂ ਜਾਂ ਵਿਕੇਂਦਰੀਕਰਨ ਦੀ ਨਹੀਂ, ਸਗੋਂ ਪੂਰੀ ਪ੍ਰਭੂਸੱਤਾ ਦੀ ਹੈ।ਮੈਮੋਰੈਂਡਮ ਵਿੱਚ ਗਲੋਬਲ ਖਾਲਿਸਤਾਨ ਰੈਫਰੈਂਡਮਾਂ ਨੂੰ ਸਿੱਖ ਭਾਈਚਾਰੇ ਦੀ ਰਾਜਨੀਤਿਕ ਇੱਛਾ ਪ੍ਰਗਟ ਕਰਨ ਦੀ ਲੋਕਤੰਤਰੀ ਪ੍ਰਕਿਰਿਆ ਵਜੋਂ ਪੇਸ਼ ਕੀਤਾ ਗਿਆ ਹੈ।ਨੁਮਾਇੰਦਿਆਂ ਦਾ ਦਾਅਵਾ ਹੈ ਕਿ ਇਨ੍ਹਾਂ ਰੈਫਰੈਂਡਮਾਂ ਰਾਹੀਂ 1947 ਵਿੱਚ ਨਾ ਹੋਏ ਜਨਮਤ ਦੀ ਕਮੀ ਨੂੰ ਪੂਰਾ ਕਰਨ ਅਤੇ ਸਵੈ-ਨਿਰਣੇ ਦੇ ਅਧਿਕਾਰ ਲਈ ਲੋਕਤੰਤਰੀ ਰਸਤਾ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਵਫ਼ਦ ਦੇ ਬੁਲਾਰੇ ਨੇ ਕਿਹਾ, ਅਸੀਂ ਰਿਆਇਤਾਂ ਮੰਗਣ ਵਾਲੀ ਘੱਟ-ਗਿਣਤੀ ਵਜੋਂ ਨਹੀਂ, ਸਗੋਂ ਅੰਤਰਰਾਸ਼ਟਰੀ ਕਾਨੂੰਨ ਅਧੀਨ ਆਪਣੇ ਸੰਪੂਰਨ ਅਧਿਕਾਰਾਂ ਦੀ ਮੰਗ ਕਰਨ ਵਾਲੀ ਪ੍ਰਭੂਸੱਤਾ ਵਾਲੀ ਕੌਮ ਵਜੋਂ ਖੜ੍ਹੇ ਹਾਂ।ਇਸ ਮੌਕੇ ਸਰਦਾਰ ਗੁਰਚਰਨ ਸਿੰਘ, ਸਰਦਾਰ ਨਛੱਤਰ ਸਿੰਘ, ਸਰਦਾਰ ਰੁਘਬੀਰ ਸਿੰਘ, ਸਰਦਾਰ ਚਰਨਜੀਤ ਸਿੰਘ, ਬੀਬੀ ਬਲ ਕੌਰ, ਸਰਦਾਰ ਮੰਗਲ ਸਿੰਘ ਅਤੇ ਸਰਦਾਰ ਕੁਲਦੀਪ ਸਿੰਘ ਵੀ ਹਾਜ਼ਰ ਸਨ। ਵਫ਼ਦ ਨੇ ਅੰਤਰਰਾਸ਼ਟਰੀ ਨੇਤਾਵਾਂ ਨੂੰ ਸਿੱਖ ਪ੍ਰਵਾਸੀ ਭਾਈਚਾਰੇ ਦੀ ਸਵੈ-ਨਿਰਣੇ ਦੀ ਮੰਗ ਨੂੰ ਮਾਨਤਾ ਦੇਣ ਅਤੇ ਇਸ ਮਾਮਲੇ ਨੂੰ ਅੰਤਰਰਾਸ਼ਟਰੀ ਕਾਨੂੰਨ ਦੇ ਸਿਧਾਂਤਾਂ ਅਨੁਸਾਰ ਵੇਖਣ ਦੀ ਅਪੀਲ ਕੀਤੀ ਹੈ।

**1947 ਦੀ ਵੰਡ ਤੇ ਕਾਨੂੰਨੀ ਵੈਧਤਾ ਨੂੰ ਚੁਣੌਤੀ, ਸੱਤਾ ਤਬਾਦਲਾ ਸਿੱਖ ਲੋਕਾਂ ਦੀ ਸਪੱਸ਼ਟ ਸਹਿਮਤੀ ਤੋਂ ਬਿਨਾਂ ਕੀਤਾ ਗਿਆ**

### ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਤਲਵੰਡੀ ਸਾਬੋ ਵਿੱਚ ਵਧੀਆਂ ਸਿਹਤ ਸਹੂਲਤਾਂ

# ਪਹੁੰਚ ਰਹੇ ਹਨ ਵੱਡੀ ਗਿਣਤੀ ਵਿੱਚ ਮਰੀਜ਼ : ਐੱਸ ਐਮ ਓ ਡਾ. ਰਵੀ ਕਾਂਤ ਗੁਪਤਾ










**ਤਲਵੰਡੀ ਸਾਬੋ, 17 ਅਗਸਤ (ਗੁਰਜੰਟ ਸਿੰਘ ਨਥੇਹਾ)**- ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਮੌਜੂਦਾ ਸਮੇਂ ਦੌਰਾਨ ਵੱਡੀ ਗਿਣਤੀ ਵਿੱਚ ਮਰੀਜ਼ ਇਲਾਜ ਅਤੇ ਸਿਹਤ ਸਹੂਲਤਾਂ ਦਾ ਲਾਭ ਲੈਣ ਲਈ ਪਹੁੰਚ ਰਹੇ ਹਨ। ਹਸਪਤਾਲ ਪ੍ਰਸ਼ਾਸਨ ਵੱਲੋਂ ਮਰੀਜ਼ਾਂ ਨੂੰ ਵੱਖ-ਵੱਖ ਬਿਮਾਰੀਆਂ ਦੇ ਇਲਾਜ ਤੋਂ ਇਲਾਵਾ ਜਾਂਚ ਅਤੇ ਅਪਰੇਸ਼ਨ ਦੀਆਂ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਹਸਪਤਾਲ ਦੇ ਐੱਸ.ਐੱਮ.ਓ. ਡਾ. ਰਵੀ ਕਾਂਤ ਗੁਪਤਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਸਪਤਾਲ ਵਿੱਚ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਡਾਕਟਰਾਂ ਦੀਆਂ ਸੇਵਾਵਾਂ ਉਪਲਬਧ ਹਨ। ਉਨ੍ਹਾਂ ਦੱਸਿਆ ਕਿ ਮਰੀਜ਼ਾਂ ਨੂੰ ਲੋੜ ਅਨੁਸਾਰ ਦਵਾਈਆਂ ਹਸਪਤਾਲ ਤੋਂ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਕਾਰਨ ਲੋਕਾਂ ਨੂੰ ਇਲਾਜ ਲਈ ਬਾਹਰੋਂ ਦਵਾਈਆਂ ਖਰੀਦਣ ਦਾ ਖਰਚਾ ਘਟਦਾ ਹੈ। ਡਾ. ਰਵੀ ਕਾਂਤ ਗੁਪਤਾ ਨੇ ਦੱਸਿਆ ਕਿ ਹਸਪਤਾਲ ਵਿੱਚ ਐਕਸ-ਰੇ ਦੀ ਸਹੂਲਤ ਵੀ ਉਪਲਬਧ ਹੈ ਅਤੇ ਇਸ ਲਈ ਸਟਾਫ਼ ਤੈਨਾਤ ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ ਹਸਪਤਾਲ ਵਿੱਚ ਲਗਭਗ ਰੋਜ਼ਾਨਾ 100 ਤੋਂ 150 ਤੱਕ ਐਕਸ-ਰੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਮਰੀਜ਼ਾਂ ਲਈ ਡੋਪ ਟੈਸਟ, ਅਲਟਰਾਸਾਊਂਡ ਅਤੇ ਈ.ਸੀ.ਜੀ. ਵਰਗੀਆਂ ਜਾਂਚ ਸਹੂਲਤਾਂ ਵੀ ਉਪਲਬਧ ਹਨ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿੱਚ ਵੱਖ-ਵੱਖ ਤਰ੍ਹਾਂ ਦੇ ਅਪਰੇਸ਼ਨ ਵੀ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਗੋਡਿਆਂ ਅਤੇ ਚੂਲਿਆਂ ਦੇ ਅਪਰੇਸ਼ਨ ਤੋਂ ਇਲਾਵਾ ਅੱਖਾਂ ਦੇ ਅਪਰੇਸ਼ਨ ਵੀ ਸ਼ਾਮਲ ਹਨ। ਹਸਪਤਾਲ ਵਿੱਚ ਉਪਲਬਧ ਇਨ੍ਹਾਂ ਸਹੂਲਤਾਂ ਦਾ ਮਕਸਦ ਲੋਕਾਂ ਨੂੰ ਉਨ੍ਹਾਂ ਦੇ ਨੇੜੇ ਹੀ ਸਰਕਾਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਡਾ. ਗੁਪਤਾ ਨੇ ਕਿਹਾ ਕਿ ਹਸਪਤਾਲ ਦੇ ਸਮੁੱਚੇ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਡਾਕਟਰਾਂ ਅਤੇ ਸਮੂਹ ਸਟਾਫ਼ ਵੱਲੋਂ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨ ਲਈ ਹਸਪਤਾਲ ਪ੍ਰਸ਼ਾਸਨ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਤਲਵੰਡੀ ਸਾਬੋ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਲਈ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਇੱਕ ਅਹਿਮ ਸਰਕਾਰੀ ਸਿਹਤ ਕੇਂਦਰ ਹੈ। ਇੱਥੇ ਜਾਂਚ, ਦਵਾਈਆਂ, ਐਕਸ-ਰੇ, ਅਲਟਰਾਸਾਊਂਡ, ਈ.ਸੀ.ਜੀ., ਡੋਪ ਟੈਸਟ ਅਤੇ ਵੱਖ-ਵੱਖ ਅਪਰੇਸ਼ਨਾਂ ਦੀਆਂ ਸਹੂਲਤਾਂ ਮਿਲਣ ਕਾਰਨ ਇਲਾਕੇ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਲਈ ਦੂਰ-ਦੁਰਾਡੇ ਜਾਣ ਦੀ ਲੋੜ ਘੱਟ ਹੋ ਰਹੀ ਹੈ। ਉਹਨਾਂ ਦੱਸਿਆ ਕਿ ਨਸ਼ਾ ਮੁਕਤੀ ਕੇਂਦਰ ਦਾ ਪੂਰਾ ਸਿਸਟਮ ਮੁਕੰਮਲ ਹੋ ਚੁੱਕਿਆ ਹੈ ਜਲਦ ਹੀ ਇਹ ਕੇਂਦਰ ਸ਼ੁਰੂ ਹੋ ਜਾਵੇਗਾ।

# ਅੰਮ੍ਰਿਤਸਰ ਦੱਖਣੀ 'ਚ ਯੂਥ ਵਿੰਗ ਦੀ ਵਿਸ਼ਾਲ ਮੀਟਿੰਗ, ਸੈਂਕੜਿਆਂ ਨੌਜਵਾਨਾਂ ਨੇ ਭਰੀ ਹਾਜ਼ਰੀ

### ਪੰਥਕ ਸੋਚ ਤੇ ਪੰਜਾਬ ਦੇ ਹੱਕਾਂ ਲਈ ਨੌਜਵਾਨਾਂ ਦੀ ਵਚਨਬੱਧਤਾ ਹੋਰ ਮਜ਼ਬੂਤ ਹੋਈ : ਸੁਖਬੀਰ ਸਿੰਘ ਚੀਮਾਂ





**ਅੰਮ੍ਰਿਤਸਰ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਹਲਕਾ ਦੱਖਣੀ ਵਿਖੇ ਅਕਾਲੀ ਦਲ ਵਾਰਿਸ ਪੰਜਾਬ ਦੇ (ਯੂਥ ਵਿੰਗ) ਵੱਲੋਂ ਭਾਈ ਸੁਖਬੀਰ ਸਿੰਘ ਚੀਮਾਂ, ਪ੍ਰਧਾਨ ਯੂਥ ਵਿੰਗ ਅੰਮ੍ਰਿਤਸਰ ਸ਼ਹਿਰੀ ਦੀ ਅਗਵਾਈ ਹੇਠ ਇੱਕ ਵਿਸ਼ਾਲ ਮੀਟਿੰਗ ਕਰਵਾਈ ਗਈ। ਭਾਈ ਜਰਮਨਦੀਪ ਸਿੰਘ, ਯੂਥ ਆਗੂ ਹਲਕਾ ਦੱਖਣੀ ਅਤੇ ਸਮੁੱਚੀ ਟੀਮ ਦੇ ਸਹਿਯੋਗ ਨਾਲ ਹੋਈ ਇਸ ਮੀਟਿੰਗ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕਰਦਿਆਂ ਪੰਥਕ ਸੋਚ, ਪੰਜਾਬ ਦੇ ਹੱਕਾਂ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਨੌਜਵਾਨਾਂ ਦੇ ਭਰਵੇਂ ਇਕੱਠ ਨੇ ਇਹ ਸਪੱਸ਼ਟ ਕੀਤਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਆਪਣੇ ਹੱਕਾਂ, ਸਿੱਖੀ ਸਿਧਾਂਤਾਂ ਅਤੇ ਪੰਜਾਬ ਦੇ ਭਵਿੱਖ ਨੂੰ ਲੈ ਕੇ ਗੰਭੀਰ ਹੈ। ਮੀਟਿੰਗ ਦੌਰਾਨ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੇਠਲੇ ਪੱਧਰ ਤੱਕ ਹੋਰ ਮਜ਼ਬੂਤ ਕਰਨ, ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਪਾਰਟੀ ਨਾਲ ਜੋੜਨ ਅਤੇ ਪੰਜਾਬ ਦੇ ਭਖਦੇ ਮਸਲਿਆਂ ਨੂੰ ਲੋਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਮੀਟਿੰਗ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਯੂਥ ਵਿੰਗ ਦੇ ਪੰਜਾਬ ਪ੍ਰਧਾਨ ਭਾਈ ਸੁਖਦੇਵ ਸਿੰਘ ਕਾਦੀਆਂ, ਭਾਈ ਹਰਭਜਨ ਸਿੰਘ ਤੁੜ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਜੋਗਿੰਦਰ ਸਿੰਘ ਜੀ ਸਾਬਕਾ ਪੰਜ ਪਿਆਰੇ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਕਰਮ ਸਿੰਘ ਜੀ ਸਾਬਕਾ ਪੰਜ ਪਿਆਰੇ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਅਮਨਦੀਪ ਸਿੰਘ ਡੱਡੂਆਣਾ, ਭਾਈ ਜਸਕਰਨ ਸਿੰਘ ਰਿਆੜ ਅਤੇ ਭਾਈ ਦਲਜੀਤ ਸਿੰਘ ਮਿਆਦੀਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਭਾਈ ਜਗਨੰਦਨ ਸਿੰਘ, ਭਾਈ ਸ਼ਾਹਜੀਤ ਸਿੰਘ ਬੱਲ, ਭਾਈ ਸਿਮਰਨਜੀਤ ਸਿੰਘ ਫ਼ਤਹਿਗੜ੍ਹ ਚੂੜੀਆਂ, ਭਾਈ ਸੁਖਰਾਜ ਸਿੰਘ ਸੁਲਤਾਨਵਿੰਡ, ਭਾਈ ਦਯਾ ਸਿੰਘ, ਭਾਈ ਜੁਗਰਾਜ ਸਿੰਘ ਭੰਗਵਾਂ, ਭਾਈ ਬਲਜੀਤ ਸਿੰਘ ਚਾਟੀਵਿੰਡ, ਭਾਈ ਸਵਰਨ ਸਿੰਘ ਗੋਲਡਨ, ਭਾਈ ਕੁਲਵੰਤ ਸਿੰਘ ਸੈਦੋਲੇਹਲ, ਭਾਈ ਪ੍ਰਿਤਪਾਲ ਸਿੰਘ ਮੀਰਾਂਕੋਟ, ਡਾ. ਬਰਿੰਦਰਜੀਤ ਸਿੰਘ, ਭਾਈ ਦਲਜੀਤ ਸਿੰਘ ਪੱਧਰੀ, ਭਾਈ ਜਸਪਾਲ ਸਿੰਘ ਸਾਹਬੀ, ਭਾਈ ਮਹਿੰਦਰਪਾਲ ਸਿੰਘ ਤੁੰਗ, ਭਾਈ ਸਰਬਜੀਤ ਸਿੰਘ, ਜਤਿੰਦਰ ਸਿੰਘ, ਭਾਈ ਗੁਰਜੀਤ ਸਿੰਘ ਖ਼ਾਲਸਾ, ਭਾਈ ਕਰਨਦੀਪ ਸਿੰਘ, ਭਾਈ ਕੁਲਵਿੰਦਰ ਸਿੰਘ ਵਡਾਲੀ, ਭਾਈ ਹਰਪ੍ਰੀਤ ਸਿੰਘ, ਭਾਈ ਸੰਦੀਪ ਸਿੰਘ, ਭਾਈ ਦਲਜੀਤ ਸਿੰਘ, ਭਾਈ ਹਰਕਮਲਪ੍ਰੀਤ ਸਿੰਘ ਜੰਡ, ਬੀਬੀ ਰਾਜਵੰਤ ਕੌਰ, ਭਾਈ ਵਰਿੰਦਰ ਸਿੰਘ, ਭਾਈ ਅਮਰਜੀਤ ਸਿੰਘ ਸਾਬਕਾ ਚੌਰ ਬਰਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਹਰਜੀਤ ਸਿੰਘ ਗ੍ਰੰਥੀ ਸਿੰਘ, ਸੂਬੇਦਾਰ ਹਰਭਜਨ ਸਿੰਘ, ਬਾਬਾ ਕੰਵਲਜੀਤ ਸਿੰਘ ਫ਼ਤਾਹਪੁਰ, ਭਾਈ ਮੁਕੇਸ਼ ਸਿੰਘ ਖ਼ਾਲਸਾ, ਭਾਈ ਨਰਾਇਣ ਸਿੰਘ, ਭਾਈ ਅੰਗਰੇਜ਼ ਸਿੰਘ ਜੀ ਫੌਜੀ, ਭਾਈ ਸੁਖਦੇਵ ਸਿੰਘ, ਸ੍ਰ. ਦਿਲਸ਼ੇਰ ਸਿੰਘ, ਸ੍ਰ. ਦਯਾ ਸਿੰਘ, ਸ੍ਰ. ਅਵਤਾਰ ਸਿੰਘ, ਸ੍ਰ. ਰਾਜਵਿੰਦਰ ਸਿੰਘ ਮਿੱਠੂ, ਭਾਈ ਅਮਨਦੀਪ ਸਿੰਘ, ਭਾਈ ਮਨਦੀਪ ਸਿੰਘ ਜੀ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਵਰਕਰ ਹਾਜ਼ਰ ਸਨ। ਭਾਈ ਸੁਖਬੀਰ ਸਿੰਘ ਚੀਮਾਂ ਨੇ ਕਿਹਾ ਕਿ ਪੰਜਾਬ ਦੇ ਹੱਕਾਂ, ਪੰਥਕ ਮਸਲਿਆਂ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਆਵਾਜ਼ ਨੂੰ ਹੋਰ ਬੁਲੰਦ ਕੀਤਾ ਜਾਵੇਗਾ।

## 20 ਅਗਸਤ ਨੂੰ ਧੂਰੀ ਤੋਂ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ : ਭਾਈ ਗੋਬਿੰਦ ਸਿੰਘ ਲੋਗੋਂਵਾਲ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੰਤ ਹਰਚੰਦ ਸਿੰਘ ਲੋਂਗੋਵਾਲ ਦੀ 20 ਅਗਸਤ ਨੂੰ ਆ ਰਹੀ ਬਰਸੀ ਦੇ ਸਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੀ ਹਲਕਾ ਧੂਰੀ ਦੀ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਪੰਮਾ ਬਾਠ ਦੀ ਅਗਵਾਈ ਦੇ ਹੇਠ ਗੁਰਦੁਆਰਾ ਨਾਨਕਸਰ ਵਿਖੇ ਕੀਤੀ ਗਈ। ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਭਾਈ ਗੋਬਿੰਦ ਸਿੰਘ ਲੌਂਗੋਵਾਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ।ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ 20 ਅਗਸਤ ਨੂੰ ਵਿਧਾਨ ਸਭਾ ਹਲਕਾ ਧੂਰੀ ਤੋਂ ਕਾਫਲਿਆਂ ਦੇ ਰੂਪ ਵਿੱਚ ਵਰਕਰ ਅਤੇ ਅਹੁਦੇਦਾਰ ਵੱਡੀ ਗਿਣਤੀ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੇ ਲਈ ਲੋਗੋਂਵਾਲ ਵਿਖੇ ਪਹੁੰਚਣਗੇ ।ਇਸ ਮੌਕੇ ਜਿਲ੍ਹਾ ਪ੍ਰਧਾਨ ਰਾਮਪਾਲ ਸਿੰਘ ਬੈਨੀਵਾਲ, ਗਮਦੂਰ ਸਿੰਘ ਭਸੌੜ ਸਵਰਨਜੀਤ ਸਿੰਘ ਹਰਚੰਦਪੁਰ ਸਾਬਕਾ ਸਰਪੰਚ ਹਰਦਮ ਸਿੰਘ ਰਾਜੋ ਮਾਜਰਾ ਹਰਦੇਵ ਸਿੰਘ ਜਵੰਦਾ ਜਸਵੰਤ ਸਿੰਘ ਭੱਠਲ ਜਸਬੀਰ ਸਿੰਘ ਬਰੜਵਾਲ ਗੁਰਜੀਤ ਸਿੰਘ ਚੰਗਲੀ ਅਮਰਜੀਤ ਸਿੰਘ ਲੌਂਗੋਵਾਲ ਗੁਰਚਰਨ ਸਿੰਘ ਲਡਾ ਬੀਬੀ ਭਜਨ ਕੌਰ ਗੁਰਮੀਤ ਸਿੰਘ ਰੰਗੀਆਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਜ਼ੁਲਮਾਂ ਦੇ ਜ਼ਖ਼ਮਾਂ ਤੋਂ ਉੱਠੀ ਖਾਲਿਸਤਾਨ ਦੀ ਆਵਾਜ਼

# ਇੰਡੀਆਨਾਪੋਲਿਸ ਵਿੱਚ 13 ਹਜ਼ਾਰ ਤੋਂ ਵੱਧ ਵੋਟਾਂ ਦਾ ਦਾਅਵਾ




**ਨਵੀਂ ਦਿੱਲੀ, 17 ਅਗਸਤ (ਮਨਪ੍ਰੀਤ ਸਿੰਘ ਖਾਲਸਾ)**-ਸਿੱਖਸ ਫਾਰ ਜਸਟਿਸ ਦੀ ਅਗਵਾਈ ਹੇਠ ਇੰਡੀਆਨਾਪੋਲਿਸ ਵਿੱਚ ਬੀਤੇ ਦਿਨ ਕਰਵਾਏ ਖਾਲਿਸਤਾਨ ਰੈਫਰੈਂਡਮ ਵਿੱਚ 13 ਹਜ਼ਾਰ ਤੋਂ ਵੱਧ ਸਿੱਖਾਂ ਵੱਲੋਂ ਵੋਟ ਪਾਉਣ ਦਾ ਪ੍ਰਬੰਧਕਾਂ ਨੇ ਦਾਅਵਾ ਕੀਤਾ ਹੈ। 30 ਡਿਗਰੀ ਸੈਲਸੀਅਸ ਤੋਂ ਵੱਧ ਗਰਮੀ ਦੇ ਬਾਵਜੂਦ ਵੋਟਿੰਗ ਸਥਾਨ ’ਤੇ ਸਿੱਖ ਸੰਗਤ ਦੀਆਂ ਘੰਟਿਆਂ ਲੰਬੀਆਂ ਕਤਾਰਾਂ ਲੱਗੀਆਂ ਰਹੀਆਂ। ਅਮਰੀਕਾ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਕੈਨੇਡਾ, ਇੰਗਲੈਂਡ, ਇਟਲੀ ਅਤੇ ਹੋਰ ਦੇਸ਼ਾਂ ਤੋਂ ਵੀ ਮੁਹਿੰਮ ਨਾਲ ਜੁੜੇ ਲੋਕ ਇੰਡੀਆਨਾਪੋਲਿਸ ਪਹੁੰਚੇ।ਸੰਗਤ ਲਈ ਪਾਣੀ, ਲੰਗਰ ਅਤੇ ਹੋਰ ਸਹੂਲਤਾਂ ਦੇ ਪ੍ਰਬੰਧ ਕੀਤੇ ਗਏ, ਜਦਕਿ ਟੀਮ ਸ਼ਹੀਦ ਨਿੱਝਰ ਵੈਨਕੂਵਰ, ਕੈਨੇਡਾ ਵੱਲੋਂ ਵੀ ਵਿਸ਼ੇਸ਼ ਹਾਜ਼ਰੀ ਦਰਜ ਕਰਵਾਈ ਗਈ।ਪ੍ਰਬੰਧਕਾਂ ਨੇ ਦੱਸਿਆ ਕਿ ਰੈਫਰੈਂਡਮ ਦੀ ਤਿਆਰੀ ਕਰੀਬ ਸਾਢੇ ਤਿੰਨ ਮਹੀਨਿਆਂ ਤੋਂ ਚੱਲ ਰਹੀ ਸੀ। ਰੈਫਰੈਂਡਮ ਮੁਹਿੰਮ ਅਤੇ ਟੀਮ ਸ਼ਹੀਦ ਨਿੱਝਰ ਨਾਲ ਜੁੜੇ ਭਾਈ ਨਰਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਮੁਹਿੰਮ 2020 ਵਿੱਚ ਸ਼ੁਰੂ ਹੋਈ ਸੀ ਅਤੇ ਕੋਵਿਡ-19 ਕਾਰਨ ਪ੍ਰਭਾਵਿਤ ਹੋਣ ਤੋਂ ਬਾਅਦ 31 ਅਕਤੂਬਰ 2021 ਨੂੰ ਲੰਡਨ ਵਿੱਚ ਪਹਿਲੀ ਵੋਟਿੰਗ ਹੋਈ।ਉਨ੍ਹਾਂ ਮੁਤਾਬਕ ਇਸ ਤੋਂ ਬਾਅਦ ਬਰਤਾਨੀਆ, ਕੈਨੇਡਾ, ਆਸਟ੍ਰੇਲੀਆ, ਸਵਿਟਜ਼ਰਲੈਂਡ, ਇਟਲੀ ਅਤੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵੋਟਿੰਗ ਹੋਈ ਹੈ। ਉਨ੍ਹਾਂ ਨੇ ਦੁਨੀਆ ਭਰ ਵਿੱਚ ਹੁਣ ਤੱਕ ਕਰੀਬ 20 ਲੱਖ ਸਿੱਖਾਂ ਦੇ ਹਿੱਸਾ ਲੈਣ ਦਾ ਦਾਅਵਾ ਕੀਤਾ ।ਇੰਡੀਆਨਾਪੋਲਿਸ ਵਿੱਚ ਖਾਲਿਸਤਾਨ ਦੇ ਹੱਕ ਵਿੱਚ ਨਾਅਰਿਆਂ ਦੇ ਨਾਲ ਜੰਮੂ-ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿੱਚ ਵੀ ਨਾਅਰੇ ਲਗੇ ਅਤੇ ਫ੍ਰੈਂਡਜ਼ ਆਫ਼ ਕਸ਼ਮੀਰ ਦੀ ਚੇਅਰਪਰਸਨ ਗ਼ਜ਼ਾਲਾ ਹਬੀਬ ਨੇ ਸੰਬੋਧਨ ਕੀਤਾ। ਪ੍ਰਬੰਧਕਾਂ ਨੇ ਰੈਫਰੈਂਡਮ ਨੂੰ ਸਿੱਖ ਭਾਈਚਾਰੇ ਦੇ ਸਵੈ-ਨਿਰਣੇ ਦੇ ਹੱਕ ਅਤੇ ਸਿਆਸੀ ਰਾਏ ਦੇ ਪ੍ਰਗਟਾਵੇ ਵਜੋਂ ਪੇਸ਼ ਕੀਤਾ ਅਤੇ ਕਿਹਾ ਕਿ ਮੁਹਿੰਮ ਆਪਣੇ ਟੀਚਿਆਂ ਨੂੰ ਸ਼ਾਂਤੀਪੂਰਨ ਤੇ ਲੋਕਤੰਤਰਿਕ ਢੰਗ ਨਾਲ ਅੱਗੇ ਵਧਾਉਣ ਦੀ ਵਕਾਲਤ ਕਰਦੀ ਹੈ। ਇਸ ਦੌਰਾਨ ਸਿੱਖਸ ਫਾਰ ਜਸਟਿਸ ਦੇ ਲੀਗਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਵੀਡੀਓ ਸੰਦੇਸ਼ ਰਾਹੀਂ ਦਾਅਵਾ ਕੀਤਾ ਕਿ ਅਮਰੀਕੀ ਜਾਂਚ ਏਜੰਸੀ ਐੱਫਬੀਆਈ ਦੇ ਅਧਿਕਾਰੀ ਇੰਡੀਆਨਾਪੋਲਿਸ ਦੇ ਗ੍ਰੀਨਵੁੱਡ ਖੇਤਰ ਵਿੱਚ ਲੱਗੇ ਰੈਫਰੈਂਡਮ ਸਟਾਲਾਂ ’ਤੇ ਪਹੁੰਚੇ ਅਤੇ ਸਿੱਖ ਸੰਗਤ ਨਾਲ ਮੁਲਾਕਾਤ ਕੀਤੀ। ਪੰਨੂ ਮੁਤਾਬਕ ਐੱਫਬੀਆਈ ਵੱਲੋਂ ‘ਟ੍ਰਾਂਸਨੈਸ਼ਨਲ ਰਿਪ੍ਰੈਸ਼ਨ’—ਵਿਦੇਸ਼ਾਂ ਵਿੱਚ ਨਿਸ਼ਾਨਾਬੱਧ ਦਬਾਅ, ਧਮਕੀਆਂ ਜਾਂ ਵਿਦੇਸ਼ੀ ਦਖ਼ਲਅੰਦਾਜ਼ੀ—ਬਾਰੇ ਜਾਗਰੂਕਤਾ ਸਮੱਗਰੀ ਵੰਡੀ ਗਈ ਅਤੇ ਕਿਸੇ ਵੀ ਧਮਕੀ ਜਾਂ ਅਣਸੁਖਾਵੀਂ ਘਟਨਾ ਦੀ ਸੂਰਤ ਵਿੱਚ ਤੁਰੰਤ ਏਜੰਸੀ ਨੂੰ ਸੂਚਿਤ ਕਰਨ ਲਈ ਕਿਹਾ ਗਿਆ। ਪੰਨੂ ਨੇ ਇਸ ਨੂੰ ਵਿਦੇਸ਼ੀ ਸਰਕਾਰਾਂ ਵੱਲੋਂ ਆਪਣੀਆਂ ਸਰਹੱਦਾਂ ਤੋਂ ਬਾਹਰ ਸਿਆਸੀ ਵਿਰੋਧੀਆਂ ਜਾਂ ਕਾਰਕੁਨਾਂ ਨੂੰ ਡਰਾਉਣ, ਧਮਕਾਉਣ, ਨਿਗਰਾਨੀ ਕਰਨ ਜਾਂ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਨਾਲ ਜੋੜਿਆ। ਇਹ ਦਾਅਵੇ ਪੰਨੂ ਵੱਲੋਂ ਕੀਤੇ ਗਏ ਹਨ ਅਤੇ ਇਨ੍ਹਾਂ ਦੀ ਸੁਤੰਤਰ ਪੁਸ਼ਟੀ ਸਾਹਮਣੇ ਨਹੀਂ ਆਈ। ਉਨ੍ਹਾਂ ਦੇ ਵੀਡੀਓ ਸੰਦੇਸ਼ ਵਿੱਚ ਪੰਜਾਬ ਦੀ ਆਜ਼ਾਦੀ ਸਬੰਧੀ ਸਿਆਸੀ ਵਿਚਾਰਾਂ ਦੇ ਨਾਲ ਸਿੱਖਾਂ ਨੂੰ ਹਥਿਆਰਬੰਦ ਹੋਣ ਦੀ ਅਪੀਲ ਕੀਤੇ ਜਾਣ ਦਾ ਵੀ ਜ਼ਿਕਰ ਹੈ। ਰੈਫਰੈਂਡਮ ਦੇ ਅਗਲੇ ਪੜਾਅ ਬਾਰੇ ਪ੍ਰਬੰਧਕਾਂ ਨੇ ਐਲਾਨ ਕੀਤਾ ਕਿ 18 ਅਕਤੂਬਰ 2026 ਨੂੰ ਐਡਮਿੰਟਨ, ਕੈਨੇਡਾ ਵਿੱਚ ਅਗਲੀ ਵੋਟਿੰਗ ਹੋਣ ਦੀ ਉਮੀਦ ਹੈ। ਇੰਡੀਆਨਾਪੋਲਿਸ ਵਿੱਚ 13 ਹਜ਼ਾਰ ਤੋਂ ਵੱਧ ਵੋਟਾਂ ਪੈਣ ਦਾ ਦਾਅਵਾ, ਗਰਮੀ ਦੇ ਬਾਵਜੂਦ ਲੱਗੀਆਂ ਲੰਬੀਆਂ ਕਤਾਰਾਂ, ਵੱਖ-ਵੱਖ ਦੇਸ਼ਾਂ ਤੋਂ ਪਹੁੰਚੇ ਸਮਰਥਕ ਅਤੇ ਐੱਫਬੀਆਈ ਅਧਿਕਾਰੀਆਂ ਦੀ ਕਥਿਤ ਮੌਜੂਦਗੀ ਨੇ ਇਸ ਰੈਫਰੈਂਡਮ ਨੂੰ ਚਰਚਾ ਵਿੱਚ ਲਿਆ ਦਿੱਤਾ ਹੈ। ਪ੍ਰਬੰਧਕਾਂ ਵੱਲੋਂ ਇਸ ਨੂੰ ਸਿੱਖ ਭਾਈਚਾਰੇ ਦੀ ਸਿਆਸੀ ਰਾਏ ਅਤੇ ਸਵੈ-ਨਿਰਣੇ ਦੇ ਹੱਕ ਨਾਲ ਜੋੜਿਆ ਗਿਆ ਹੈ, ਜਦਕਿ ਵੋਟਾਂ ਦੀ ਗਿਣਤੀ ਅਤੇ ਹੋਰ ਅੰਕੜਿਆਂ ਸਬੰਧੀ ਉਪਲਬਧ ਜਾਣਕਾਰੀ ਮੁੱਖ ਤੌਰ ’ਤੇ ਪ੍ਰਬੰਧਕਾਂ ਦੇ ਦਾਅਵਿਆਂ ’ਤੇ ਆਧਾਰਿਤ ਹੈ। ਭਾਈ ਗੁਰਮੀਤ ਸਿੰਘ ਤੂਰ ਨੇ ਦਸਿਆ ਕਿ ਖਾਲਿਸਤਾਨ ਦੀ ਮੰਗ ਸਿੱਖਾਂ ਨਾਲ ਹੋਏ ਅਤੇ ਜਾਰੀ ਰਹੇ ਕਥਿਤ ਜ਼ੁਲਮਾਂ, ਵਿਤਕਰੇ ਅਤੇ ਇਨਸਾਫ਼ ਦੀ ਘਾਟ ਵਿੱਚੋਂ ਨਿਕਲੀ ਸਿਆਸੀ ਮੰਗ ਵਜੋਂ ਉਠੀ ਹੈ । ਉਨ੍ਹਾਂ ਦਾ ਤਰਕ ਹੈ ਕਿ 1947 ਤੋਂ ਬਾਅਦ ਸਿੱਖਾਂ ਵੱਲੋਂ ਉਠਾਏ ਗਏ ਹੱਕਾਂ ਅਤੇ ਸਿਆਸੀ ਵਾਅਦਿਆਂ ਨੂੰ ਅਣਦੇਖਿਆ ਕਰਨ ਦੀ ਥਾਂ ਉਨ੍ਹਾਂ ਨੂੰ ਆਪਣਾ ਇਤਿਹਾਸ ਭੁੱਲਣ ਲਈ ਕਿਹਾ ਗਿਆ, ਜਦਕਿ ਵੱਖਰੀ ਸਿਆਸੀ ਰਾਏ ਰੱਖਣ ਵਾਲਿਆਂ ਨੂੰ ‘ਅੱਤਵਾਦੀ’ ਜਾਂ ‘ਵੱਖਵਾਦੀ’ ਕਰਾਰ ਦੇਣ ਦਾ ਰੁਝਾਨ ਅੱਜ ਤੱਕ ਜਾਰੀ ਹੈ। ਸਮਰਥਕਾਂ ਅਨੁਸਾਰ, ਇਹੀ ਲੰਬੇ ਸਮੇਂ ਦੀ ਬੇਚੈਨੀ ਅਤੇ ਅਸੰਤੋਖ ਖਾਲਿਸਤਾਨ ਦੀ ਮੰਗ ਨੂੰ ਜਨਮ ਦੇਣ ਵਾਲੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸ਼ਹੀਦ ਮੋਤੀ ਰਾਮ ਮਹਿਰਾ ਕਮੇਟੀ ਜੱਬੋਵਾਲ ਦੀ ਹੋਈ ਇਕੱਤਰਤਾ ਮੌਕੇ ਪ੍ਰਧਾਨ ਬਲਦੇਵ ਸਿੰਘ ਅਤੇ ਮੈਂਬਰਾਂ ਦਾ ਸਨਮਾਨ



ਜੰਡਿਆਲਾ ਗੁਰੂ 17 ਅਗਸਤ ( ਕੁਲਵੰਤ ਸਿੰਘ ਵਿਰਦੀ ) ਪਿੰਡ ਜੱਬੋਵਾਲ ਵਿਖੇ ਸ਼ਹੀਦ ਮੋਤੀ ਰਾਮ ਮਹਿਰਾ ਜੀ ਅਤੇ ਸਮੂਹ ਕਮੇਟੀ ਬਾਬਾ ਅਮਰ ਸਿੰਘ ਵੱਲੋ ਸ਼ਹੀਦ ਮੋਤੀ ਰਾਮ ਮਹਿਰਾ ਕਮੇਟੀ ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਬਲਦੇਵ ਸਿੰਘ ਅਤੇ ਮੈਂਬਰਾਂ ਬਲਬੀਰ ਸਿੰਘ, ਸੁਰਿੰਦਰ ਸਿੰਘ, ਮਹਿੰਦਰ ਸਿੰਘ, ਲਖਵਿੰਦਰ ਸਿੰਘ ਨੂੰ ਲੰਗਰ ਕਮੇਟੀ ਵੱਲੋ ਸਿਰੋਪਾਉ ਦੇਕੇ ਨੂੰ ਸਨਮਾਨਿਤ ਕਰਨ ਤੇ ਪ੍ਰਧਾਨ ਬਲਦੇਵ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਸਮਾਜਿਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹੈ। ਕਿ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਠੰਢੇ ਬੁਰਜ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਦੁੱਧ ਨਾਲ ਸੇਵਾ ਕਰਕੇ ਆਪਣਾ ਪੂਰਾ ਪਰਿਵਾਰ ਵਾਰ ਦਿੱਤਾ ਸੀ। ਇਸ ਤਰ੍ਹਾਂ ਦੇ ਸਮਾਗਮ ਉਸ ਲਾਸਾਨੀ ਕੁਰਬਾਨੀ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਉਪਰਾਲਾ ਹਨ। ਪ੍ਰਧਾਨ ਬਲਦੇਵ ਸਿੰਘ ਨੂੰ ਸਨਮਾਨਿਤ ਕਰਨਾ ਸੋਸਾਇਟੀ ਅਤੇ ਕਮੇਟੀ ਵੱਲੋਂ ਸਮਾਜ ਭਲਾਈ ਅਤੇ ਧਾਰਮਿਕ ਕਾਰਜਾਂ ਵਿੱਚ ਪਾਏ ਯੋਗਦਾਨ ਦੀ ਪ੍ਰਤੱਖ ਪ੍ਰਵਾਨਗੀ ਹੈ। ਇਹ ਕਦਮ ਸਮਾਜ ਵਿੱਚ ਏਕਤਾ, ਸੇਵਾ ਭਾਵਨਾ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਦਾ ਹੈ। ਇਹ ਕਦਮ ਸਮਾਜ ਵਿੱਚ ਏਕਤਾ, ਸੇਵਾ ਭਾਵਨਾ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਦਾ ਹੈ। ਇਸ ਮੌਕੇ ਰਾਜਵਿੰਦਰ ਸਿੰਘ ਪ੍ਰਧਾਨ, ਜੱਬੋਵਾਲ (ਮੋਤੀ ਰਾਮ ਮਹਿਰਾ ਕਮੇਟੀ) ਹਰਜਿੰਦਰ ਸਿੰਘ, ਬਾਬਾ ਅਮਰ ਸਿੰਘ ਮੁੱਖ ਸੇਵਾਦਾਰ, ਗੁਰਦੁਆਰਾ ਸੰਤਸਰ, ਮੰਗਲ ਸਿੰਘ ਪ੍ਰਧਾਨ, ਸੈਕਟਰੀ ਜਸਬੀਰ ਸਿੰਘ,ਜੱਬੋਵਾਲ ਅਤੇ ਹੋਰ ਇਲਾਕਿਆਂ ਦੇ ਮੈਂਬਰ, ਹੀਰਾ ਸਿੰਘ, ਗੁਰਮੇਜ ਸਿੰਘ, ਪਿੰਡ ਸਦਾ ਰੰਗ ਗੁਰਮੇਜ ਸਿੰਘ ਔਜਲਾ ਕਮੇਟੀ ਦੇ ਮੈਂਬਰ, ਬਲਕਾਰ ਸਿੰਘ, ਮੱਖਣ ਸਿੰਘ, ਸ਼ਿੰਗਾਰਾ ਸਿੰਘ, ਕਸ਼ਮੀਰ ਸਿੰਘ, ਜੋਗਾ ਸਿੰਘ, ਗੁਰਚਰਨ ਸਿੰਘ, ਹਰਜਿੰਦਰ ਸਿੰਘ, ਜਸਪਾਲ ਸਿੰਘ, ਸੁਖਵਿੰਦਰ ਸਿੰਘ ਗਿਆਨੀ , ਆਸਾ ਸਿੰਘ, ਨਵਰਾਜ ਸਿੰਘ ਰਾਜਾ, ਗੁਰਪ੍ਰੀਤ ਸਿੰਘ, ਬੂਟਾ ਸਿੰਘ, ਅਤੇ ਹਰਪ੍ਰੀਤ ਸਿੰਘ ਸਮੇਤ ਸਮੂਹ ਮਹਿਰਾ ਕਮੇਟੀ ਮੈਂਬਰ ਹਾਜ਼ਰ ਸਨ।

## ਮਾਣਮੱਤੀ ਪ੍ਰਾਪਤੀ ਲਈ ਵਿਦਿਆਰਥਣ ਟੀਯਾ ਦਾ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਵਿਸ਼ੇਸ਼ ਸਨਮਾਨ



ਜੰਡਿਆਲਾ ਗੁਰੂ 17 ਅਗਸਤ (ਕੁਲਵੰਤ ਸਿੰਘ ਵਿਰਦੀ ) - ਅੰਮ੍ਰਿਤਸਰ ਦੇ ‘ਸਕੂਲ ਆਫ ਐਮੀਨੈਂਸ’, ਮਾਲ ਰੋਡ ਦੀ ਹੋਣਹਾਰ ਵਿਦਿਆਰਥਣ ਟੀਯਾ ਨੇ ਆਪਣੀ ਕਾਬਲੀਅਤ ਅਤੇ ਮਿਹਨਤ ਸਦਕਾ ਪੰਜਾਬ ਦਾ ਨਾਮ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਰੌਸ਼ਨ ਕੀਤਾ ਹੈ। ਟੀਯਾ ਦੀ ਚੋਣ ‘ਸ਼ਕਤੀ ਸੈਟ ਇੰਟਰਨੈਸ਼ਨਲ ਸਪੇਸ ਮਿਸ਼ਨ’ ਲਈ ਨੈਸ਼ਨਲ ਫਾਈਨਲਿਸਟ ਵਜੋਂ ਹੋਈ ਹੈ। ਇਹ ਮਿਸ਼ਨ ‘ਸਪੇਸ ਕਿਡਜ਼ ਇੰਡੀਆ’ ਵੱਲੋਂ ਇਸਰੋ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਦੁਨੀਆ ਦੇ 108 ਦੇਸ਼ਾਂ ਦੀਆਂ ਚੁਣੀਆਂ ਹੋਈਆਂ ਵਿਦਿਆਰਥਣਾਂ ਭਾਗ ਲੈਣਗੀਆਂ।ਇਸ ਮਾਣਮੱਤੀ ਚੋਣ ਨਾਲ ਟੀਯਾ ਹੁਣ ਇਸ ਅੰਤਰਰਾਸ਼ਟਰੀ ਮਿਸ਼ਨ ਵਿੱਚ ਭਾਰਤ ਅਤੇ ਪੰਜਾਬ ਦੀ ਨੁਮਾਇੰਦਗੀ ਕਰੇਗੀ। ਅਗਸਤ 2026 ਵਿੱਚ ਨਵੀਂ ਦਿੱਲੀ ਵਿਖੇ ਹੋਣ ਵਾਲੀ ਵਿਸ਼ੇਸ਼ ਵਰਕਸ਼ਾਪ ਦੌਰਾਨ ਉਸ ਨੂੰ ਸੈਟੇਲਾਈਟ ਡਿਜ਼ਾਈਨਿੰਗ, ਇੰਟੀਗ੍ਰੇਸ਼ਨ ਅਤੇ ਅਸੈਂਬਲਿੰਗ ਸਬੰਧੀ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ। ਇਸ ਪ੍ਰਾਜੈਕਟ ਤਹਿਤ ਤਿਆਰ ਕੀਤਾ ਜਾਣ ਵਾਲਾ ਸੈਟੇਲਾਈਟ 11 ਅਕਤੂਬਰ ਨੂੰ ਚੰਦਰਮਾ ਦੀ ਕਕਸ਼ ਵਿੱਚ ਲਾਂਚ ਕੀਤਾ ਜਾਣਾ ਹੈ।ਅੰਮ੍ਰਿਤਸਰ ਦੀ ਧੀ ਟੀਯਾ ਦੀ ਇਸ ਮਾਣਮੱਤੀ ਪ੍ਰਾਪਤੀ ਲਈ ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਉਸ ਦਾ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸ. ਹਰਭਜਨ ਸਿੰਘ ਈ.ਟੀ.ਓ. ਨੇ ਵਿਦਿਆਰਥਣ ਟੀਯਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਅੰਮ੍ਰਿਤਸਰ ਅਤੇ ਸਮੁੱਚੇ ਪੰਜਾਬ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੀ ਧੀ ਅੰਤਰਰਾਸ਼ਟਰੀ ਪੱਧਰ ’ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਣ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਧੀਆਂ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰ ਰਹੀਆਂ ਹਨ ਅਤੇ ਟੀਯਾ ਦੀ ਇਹ ਪ੍ਰਾਪਤੀ ਹੋਰ ਵਿਦਿਆਰਥਣਾਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨ, ਤਕਨਾਲੋਜੀ ਅਤੇ ਖੋਜ ਦੇ ਖੇਤਰਾਂ ਵਿੱਚ ਅੱਗੇ ਵਧਣ ਲਈ ਲੋੜੀਂਦੇ ਮੌਕੇ ਅਤੇ ਸਹੂਲਤਾਂ ਪ੍ਰਦਾਨ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ‘ਸਕੂਲ ਆਫ ਐਮੀਨੈਂਸ’, ਮਾਲ ਰੋਡ ਪਹਿਲਾਂ ਵੀ ਪੁਲਾੜ ਖੇਤਰ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾ ਚੁੱਕਾ ਹੈ। ਸਕੂਲ ਦੀਆਂ ਵਿਦਿਆਰਥਣਾਂ ਨੇ ਸਾਲ 2022 ਵਿੱਚ ਦੋ ਵੱਖ-ਵੱਖ ਸੈਟੇਲਾਈਟ ਮਿਸ਼ਨਾਂ ਲਈ ਪੇਲੋਡ ਤਿਆਰ ਕਰਕੇ ਮਹੱਤਵਪੂਰਨ ਯੋਗਦਾਨ ਪਾਇਆ ਸੀ। ਉਨ੍ਹਾਂ ਕਿਹਾ ਕਿ ਟੀਯਾ ਦੀ ਇਹ ਉਪਲਬਧੀ ਸਕੂਲ ਦੀਆਂ ਵਿਦਿਆਰਥਣਾਂ ਅਤੇ ਅਧਿਆਪਕਾਂ ਦੀ ਮਿਹਨਤ, ਸਮਰਪਣ ਅਤੇ ਵਿਗਿਆਨ ਪ੍ਰਤੀ ਰੁਚੀ ਦਾ ਪ੍ਰਤੀਕ ਹੈ।ਲੋਕ ਨਿਰਮਾਣ ਮੰਤਰੀ ਨੇ ਵਿਦਿਆਰਥਣ ਟੀਯਾ ਦੀ ਇਸ ਸ਼ਾਨਦਾਰ ਸਫਲਤਾ ਲਈ ਉਸ ਦੇ ਮਾਪਿਆਂ, ‘ਸਕੂਲ ਆਫ ਐਮੀਨੈਂਸ’, ਮਾਲ ਰੋਡ ਦੀ ਪ੍ਰਿੰਸੀਪਲ ਮਨਦੀਪ ਕੌਰ ਅਤੇ ਕੈਮਿਸਟਰੀ ਲੈਕਚਰਾਰ ਅਤੇ ਪ੍ਰਾਜੈਕਟ ਇੰਚਾਰਜ ਕਮਲ ਕੁਮਾਰ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਟੀਯਾ ਦੀ ਇਹ ਪ੍ਰਾਪਤੀ ਅੰਮ੍ਰਿਤਸਰ ਦੇ ਨਾਲ-ਨਾਲ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ ਅਤੇ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇਸ਼ ਅਤੇ ਸੂਬੇ ਦਾ ਨਾਮ ਰੌਸ਼ਨ ਕਰੇਗੀ।

### ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਨਮ ਅਸਥਾਨ ਵਿਖੇ

# ਭਾਦੋਂ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਇਆ ਗਿਆ

## ਚੈਰੀਟੇਬਲ ਲੈਬੋਰਟਰੀ ਦਾ ਸ਼ੁਭ ਉਦਘਾਟਨ ਵੀ ਕੀਤਾ ਗਿਆ









ਆਵਾਜ਼ਿ ਕੌਮ AWAZE QAUM International Newspaper & WEB TV





ਹਰ ਮਹੀਨੇ ਦੀ ਤਰ੍ਹਾਂ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਨਮ ਅਸਥਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਦੇ ਨਗਰ ਵਿਖੇ ਭਾਦੋਂ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਇਆ ਗਿਆ, ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਗੁਰੂ ਘਰ ਦੇ ਕੀਰਤਨੀ ਜੱਥੇ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ, ਅਤੇ ਗਿਆਨੀ ਅਵਤਾਰ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਉਪਰੰਤ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਵੱਲੋਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਇਸ ਸ੍ਰੀ ਅਖੰਡ ਪਾਠ ਸਾਹਿਬ ਅਤੇ ਸਮੇਤ ਸ੍ਰੀ ਜਪੁਜੀ ਸਾਹਿਬ ਦੀ ਸੇਵਾ ਇਗਲੈਂਡ ਨਿਵਾਸੀ ਸਰਦਾਰ ਗੁਰਮੁਖ ਸਿੰਘ ਜੀ, ਬੀਬੀ ਰਸ਼ਪਾਲ ਕੌਰ ਜੀ ਦੇ ਸਮੂਹ ਪਰਿਵਾਰ ਵੱਲੋਂ ਕਰਵਾਈ ਗਈ, ਅਤੇ ਸਿੱਖ ਪੰਥ ਲਈ ਚੜਦੀ ਕਲਾ ਦੀ ਅਰਦਾਸ ਬੇਨਤੀ ਕੀਤੀ ਗਈ। ਸਮਾਪਤੀ ਉਪਰੰਤ ਚੈਰੀਟੇਬਲ ਲੈਬੋਰਟਰੀ ਦਾ ਸ਼ੁਭ ਉਦਘਾਟਨ ਵੀ ਕੀਤਾ ਗਿਆ। ਇਸ ਮੌਕੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਅਤੇ ਸਤੀਸ਼ ਐਨਜੀਓ ਦੀ ਅਗਵਾਈ ਹੇਠ ਲੈਬੋਰਟਰੀ ਦਾ ਉਦਘਾਟਨ ਕੀਤਾ ਗਿਆ ਅਤੇ ਸਮੂਹ ਸੰਗਤਾਂ ਵਲੋਂ ਇਸ ਭਲਾਈ ਦੇ ਕੰਮ ਲਈ ਧੰਨਵਾਦ ਵੀ ਕੀਤਾ ਗਿਆ। ਸਮਾਪਤੀ ਉਪਰੰਤ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। (ਆਵਾਜਿ ਕੌਮ ਬਿਉਰੋ ਰਿਪੋਰਟ) ਮੋਗਾ - ਗੁਰਪ੍ਰੀਤ ਸਿੰਘ।

48ਵੀਂ ਬਰਸੀ 'ਤੇ ਵਿਸ਼ੇਸ਼

## ਦਮਦਮੀ ਟਕਸਾਲ ਦੇ 13ਵੇਂ ਮੁਖੀ

# ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਵਿਦਿਆਰਥੀ ਦਮਦਮੀ ਟਕਸਾਲ

ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜਨਮ 4 ਅਕਤੂਬਰ 1932 ਈਸਵੀ ਨੂੰ ਗੁਰੂ ਘਰ ਦੇ ਮਹਾਨ ਸ਼ਰਧਾਲੂ ਗੁਰਮਤਿ ਵਿੱਚ ਪਰਪੱਕ ਜਥੇਦਾਰ ਬਾਬਾ ਝੰਡਾ ਸਿੰਘ ਜੀ ਦੇ ਘਰ ਮਾਤਾ ਲਾਭ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਪੁਰਾਣੇ ਭੂਰੇ (ਭੂਰਾ ਕੋਹਨਾ) ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿਖੇ ਹੋਇਆ, ਜੋ ਹੁਣ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ। ਆਪ ਜੀ ਨੇ ਗੁਰਮਤਿ ਦੀ ਮੁੱਢਲੀ ਬ੍ਰਹਮ ਵਿੱਦਿਆ, ਬਾਬਾ ਬੱਗਾ ਸਿੰਘ ਜੀ ਪਾਸੋਂ ਗ੍ਰਹਿਣ ਕੀਤੀ ਅਤੇ ਦੁਨਿਆਵੀ ਵਿੱਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ ਤੋਂ, ਨੌਵੀਂ ਅਤੇ ਦਸਵੀਂ ਇੱਕੋ ਸਾਲ ਵਿੱਚ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਤੋਂ ਅਤੇ ਐੱਫ.ਏ.ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਆਪ ਜੀ ਪਿੰਡ ਤੋਂ ਸਕੂਲ ਆਉਣ ਜਾਣ ਦੇ ਸਮੇਂ ਨਿੱਤ ਨੇਮ ਤੋਂ ਇਲਾਵਾ, 25 ਪਾਠ ਸ੍ਰੀ ਜਪੁਜੀ ਸਾਹਿਬ ਦੇ ਵੀ ਕਰਿਆ ਕਰਦੇ ਸਨ। ਸੰਤਾਂ-ਮਹਾਂਪੁਰਸ਼ਾਂ ਦੇ ਭੂਆ ਦੇ ਪੁੱਤਰ ਭਗਤ ਉਜਾਗਰ ਸਿੰਘ ਜੀ ਕਾਹਨੇ ਵਾਲੇ, ਦਮਦਮੀ ਟਕਸਾਲ ਦੇ ਮੁੱਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਅਤਿ ਨਿਕਟਵਰਤੀ ਸਨ, ਉਹੀ ਆਪ ਜੀ ਨੂੰ ਸੰਤਾਂ ਕੋਲੇ ਜਥੇ ਵਿੱਚ ਭਿੰਡਰੀ ਲੈ ਕੇ ਗਏ ਸਨ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨਾਲ ਆਪ ਜੀ ਦਾ ਮਿਲਾਪ ਕਰਵਾਇਆ, ਉੱਥੇ ਹੀ ਆਪ ਜੀ ਨੇ ਪੰਜ ਪਿਆਰਿਆਂ ਪਾਸੋਂ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ, ਕਰਤਾਰ ਸਿੰਘ ਤੋਂ ਕਰਤਾਰ ਸਿੰਘ ਖ਼ਾਲਸਾ ਬਣੇ ਅਤੇ ਬਾਅਦ ਵਿੱਚ ਜਥੇ ਸੰਗਤ ਵਿੱਚ ਸੰਤਾਂ-ਮਹਾਂਪੁਰਖਾਂ ਦੀ ਮਹਾਨ ਸੇਵਾ ਨਿਭਾਉਂਦਿਆਂ ਆਪ ਜੀ ਨੂੰ ਸੰਤ ਅਤੇ ਗਿਆਨੀ ਦੇ ਮਹਾਨ ਰੁਤਬੇ ਦੀ ਦਾਤ ਪ੍ਰਾਪਤ ਹੋਈ। 31 ਜਨਵਰੀ 1967 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤਿੰਨ ਸੌ ਸਾਲਾ ਅਵਤਾਰ ਗੁਰਪੁਰਬ ਵਾਲੇ ਦਿਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸਾਰੀਆਂ ਸੰਗਤਾਂ ਦੀ ਹਾਜ਼ਰੀ ਵਿੱਚ ਦਮਦਮੀ ਟਕਸਾਲ ਦੇ 13ਵੇਂ ਮੁਖੀ ਵਜੋਂ ਆਪ ਜੀ ਦੀ ਦਸਤਾਰ ਬੰਦੀ ਕਰ ਦਿੱਤੀ ਅਤੇ ਜੋ ਉਸ ਸਮੇਂ ਦਸਤਾਰਬੰਦੀ ਬਾਰੇ ਬਖਸ਼ਿਸ਼ ਭਰੇ ਬਚਨ ਮਹਾਂਪੁਰਖਾਂ ਨੇ ਕੀਤੇ, ਉਹ ਸਾਰੇ ਬਚਨ ਟੇਪ ਰਿਕਾਰਡ ਵਿੱਚ ਅੱਜ ਵੀ ਸੰਗਤ ਪਾਸ ਮੌਜੂਦ ਹਨ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ 28 ਜੂਨ 1969 ਈਸਵੀ ਨੂੰ, ਵੀਰਵਾਰ ਵਾਲੇ ਦਿਨ ਅੰਮ੍ਰਿਤ ਵੇਲੇ ਦੋ ਵਜੇ ਨਗਰ ਮਹਿਤਾ ਵਿਖੇ, ਭਾਈ ਭਾਨ ਸਿੰਘ ਜੀ ਦੇ ਘਰ ਸੱਚਖੰਡ ਗਮਨ ਕੀਤਾ। ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਨੇ ਨਗਰ ਮਹਿਤਾ ਵਿਖੇ ਸੰਤਾਂਮਹਾਂਪੁਰਖਾਂ ਦੀ ਯਾਦ ਵਿੱਚ ਨਗਰ ਅਤੇ ਇਲਾਕਾ ਨਿਵਾਸੀ ਸਿੱਖ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬਹੁਤ ਥੋੜ੍ਹੇ ਸਮੇਂ ਵਿੱਚ ਦੋ ਏਕੜ ਲੰਮਾ-ਚੌੜਾ ਅਤੇ ਪੱਚੀ ਫੁੱਟ ਡੂੰਘੇ ਛੱਪੜ ਨੂੰ ਪੂਰ ਕੇ ਬਹੁਤ ਆਲੀਸ਼ਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਅਤੇ ਜਥੇ, ਸੰਗਤ ਤੇ ਸਿੱਖ ਸੰਗਤਾਂ ਲਈ ਵਿਸ਼ਾਲ ਲੰਗਰ ਹਾਲ, ਵਿਦਿਆਰਥੀਆਂ ਲਈ ਗੁਰਬਾਣੀ ਦੀ ਸੰਥਿਆ ਅਤੇ ਸ਼ਬਦ ਕੀਰਤਨ ਦੀ ਸਿਖਲਾਈ ਲਈ ਬਹੁਤ ਸੁੰਦਰ ਵਿਦਿਆਲੇ ਦੀ ਇਮਾਰਤ, ਸਿੰਘਾਂ ਦੇ ਰਹਿਣ ਲਈ ਬਿਲਡਿੰਗ ਜੋ ਬਹੁਤ ਥੋੜ੍ਹੇ ਸਮੇਂ ਵਿੱਚ ਤਿਆਰ ਕਰਵਾਈਆਂ। ਖ਼ਾਲਸਾ ਪੰਥ ਦੀ ਇਸ ਚੱਲਦੀ-ਫਿਰਦੀ ਯੂਨੀਵਰਸਿਟੀ, ਦਮਦਮੀ ਟਕਸਾਲ ਵਿੱਚ ਵਿੱਦਿਆ ਪ੍ਰਾਪਤ ਕਰਨ ਆਏ ਕਰੀਬ 300 ਸਿੰਘਾਂ ਦੇ ਜਥੇ ਨੂੰ ਮਹਾਂਪੁਰਸ਼ਾਂ ਦੇ ਨਾਲ ਲੈ ਕੇ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਹੀ ਨਹੀਂ, ਦੇਸ਼ ਦੀਆਂ ਹੋਰ ਬਹੁਤ ਸਾਰੀਆਂ ਸਟੇਟਾਂ ਵਿੱਚ ਵੀ ਦਿਨ-ਰਾਤ ਇੱਕ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਗੁਰੂ ਘਰ ਦੇ ਪ੍ਰਚਾਰ ਲਈ ਭਾਰੀ ਗਿਣਤੀ ਵਿੱਚ ਸੇਵਾਦਾਰ, ਗ੍ਰੰਥੀ ਸਿੰਘ, ਗਿਆਨੀ ਸਿੰਘ, ਰਾਗੀ ਸਿੰਘ ਅਤੇ ਪ੍ਰਚਾਰਕ ਬਣਾਏ. ਹਰ ਸਮੇਂ ਹੀ ਆਪ ਜੀ ਨੂੰ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੀ ਤੜਪ ਰਹਿੰਦੀ ਸੀ। ਆਪ ਜੀ ਨੇ ਦਿਨ ਰਾਤ ਇੱਕ ਕੀਤਾ ਹੋਇਆ ਸੀ। ਆਪ ਜੀ 15-15 ਘੰਟੇ ਵੀ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਖੜ੍ਹੇ ਹੋ ਕੇ 30 ਤੋਂ 70 ਥਾਵਾਂ ਤੇ ਨਗਰ ਕੀਰਤਨ (ਜਲੂਸ) ਵਾਲੇ ਇਲਾਕੇ ਵਿੱਚ ਪ੍ਰਚਾਰ ਕਰਦੇ ਸਨ। ਸਾਰੀਆਂ ਸਿੱਖ ਸੰਗਤਾਂ ਪਾਸੋਂ ਆਪ ਜੀ ਧਾਰਨਾ ਰੂਪ ਇਹ ਨਾਅਰਾ ਲਗਵਾਇਆ ਕਰਦੇ ਸਨ, ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ। ਆਪ ਜੀ ਸਿੱਖ ਸੰਗਤਾਂ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਸਮੇਂ ਦੇਹਧਾਰੀ ਗੁਰੂ ਡੰਬ ਤੋਂ ਸਿੱਖ ਸੰਗਤਾਂ ਨੂੰ ਹਰ ਪੱਖ ਤੋਂ ਸੁਚੇਤ ਕਰਦੇ ਸਨ ਅਤੇ ਐਮਰਜੈਂਸੀ ਦੀਆਂ ਪੀਡੀਆਂ ਬੰਦਿਸ਼ਾਂ ਸਮੇਂ ਜਦੋਂ ਸਾਰਾ ਹਿੰਦੋਸਤਾਨ ਤਰਾਹ-ਤਰਾਹ ਕਰ ਰਿਹਾ ਸੀ, ਇੱਕ ਇਹ ਮਹਾਂਪੁਰਸ਼ ਹੀ ਸਨ, ਜੋ ਸੱਚੇ ਸੁੱਚੇ ਸ਼ਬਦ ਕਹਿਣ ਦੀ ਜੁਰਅੱਤ ਕਰ ਸਕੇ। ਇਸੇ ਹੀ ਸਮੇਂ ਐਮਰਜੈਂਸੀ ਦੀਆਂ ਸਾਰੀਆਂ ਹੀ ਰੁਕਾਵਟਾਂ ਦੀਆਂ ਧੱਜੀਆਂ ਉਡਾ ਕੇ ਸੰਤ ਜੀ ਨੇ ਜਥੇ ਸਮੇਤ ਵੱਖ-ਵੱਖ ਥਾਵਾਂ 'ਤੇ 37 ਮਹਾਨ ਨਗਰ ਕੀਰਤਨ (ਜਲੂਸ) ਕੱਢੇ ਸਨ। ਆਪ ਜੀ ਨੇ ਅਨੇਕਾਂ ਹੀ ਸਿੱਖ ਪ੍ਰਚਾਰਕਾਂ ਦਾ, ਜੋ ਢਾਡੀ, ਕਵੀਸ਼ਰ ਸਨ, ਸੁਧਾਰ ਕੀਤਾ ਅਤੇ ਜੋ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋਏ। ਜਥੇ ਸੰਗਤ ਵੱਲੋਂ ਆਪ ਜੀ ਨੇ ਉਨ੍ਹਾਂ ਸਾਰੇ ਜਥਿਆਂ ਨੂੰ ਪ੍ਰਸੰਨ ਹੋ ਕੇ ਸਿਰੋਪਾਓ ਵੀ ਬਖਸ਼ਿਸ਼ ਕੀਤੇ। ਆਪ ਜੀ ਦੇ ਬਚਨ ਹਮੇਸ਼ਾ ਹੀ ਬਹੁਤ ਨਿਰਭੈਤਾ ਵਾਲੇ ਹੁੰਦੇ ਸਨ। 7 ਦਸੰਬਰ 1975 ਈ. ਵਾਲੇ ਦਿਨ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ ਨਗਰ ਕੀਰਤਨ (ਜਲੂਸ) ਅਨੰਦਪੁਰ ਸਾਹਿਬ ਤੋਂ ਪਹੁੰਚਿਆ, ਉਸ ਸਮੇਂ ਉੱਥੇ ਸਿੱਖ ਸੰਗਤਾਂ ਦਾ ਠਾਠਾਂ ਮਾਰਦਾ, ਲੱਖਾਂ ਦਾ ਇਕੱਠ ਸੀ। ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਟੇਜ 'ਤੇ ਆਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ ਤੋਂ ਉੱਠ ਕੇ ਸਭ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ, ਪਰ ਸੰਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ 'ਤੇ ਬੈਠੇ ਰਹੇ ਅਤੇ ਸਟੇਜ ਤੋਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਖੜ੍ਹੇ ਹੋ ਕੇ ਸੁਆਗਤ ਕੀਤਾ। ਉਸ ਸਮੇਂ ਦੇਸ਼ ਦੀ ਪ੍ਰਧਾਨ ਮੰਤਰੀ ਨੇ ਆਪਣੇ ਸਮੇਂ ਵਿੱਚ ਬੋਲਦਿਆਂ ਕਿਹਾ ਕਿ ਮੈਂ ਸਿੱਖ ਕੌਮ ਦਾ ਬਹੁਤ ਆਦਰ ਸਤਿਕਾਰ ਕਰਦੀ ਹਾਂ, ਮੈਂ ਤਾਂ ਆਪਣੇ ਛੋਟੇ ਬੇਟੇ, ਸੰਜੇ ਗਾਂਧੀ ਦਾ ਰਿਸ਼ਤਾ ਵੀ ਇੱਕ ਸਿੱਖ ਪਰਿਵਾਰ ਦੀ ਬੇਟੀ ਨਾਲ ਕੀਤਾ ਹੈ



ਅਤੇ ਜਿਹੜੇ ਦਿੱਲੀ ਦੇ ਤਖ਼ਤ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਸੀ, ਅੱਜ ਉਹ ਦਿੱਲੀ ਦਾ ਤਖ਼ਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੀਸ ਨਿਵਾਉਣ ਵਾਸਤੇ ਆਇਆ ਹੈ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਆਪਣੇ ਸਮੇਂ ਵਿੱਚ ਸਟੇਜ ਤੋਂ ਬੋਲਦਿਆਂ ਪ੍ਰਧਾਨ ਮੰਤਰੀ ਨੂੰ ਬਹੁਤ ਨਿਰਭੈਤਾ ਨਾਲ ਕਿਹਾ ਅਤੇ ਸਾਰੀਆਂ ਸਿੱਖ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ, ਖਾਲਸਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਭਾਵੇਂ ਕੋਈ ਕਿੱਡੇ ਵੱਡੇ ਅਹੁਦੇ ਵਾਲਾ ਹੋਵੇ, ਪਰ ਸੰਗਤ ਵਿੱਚੋਂ ਕਿਸੇ ਨੇ ਵੀ ਉੱਠ ਕੇ ਖੜ੍ਹੇ ਨਹੀਂ ਹੋਣਾ ਅਤੇ ਜੇ ਸੰਗਤ ਵਿੱਚ ਕਿਸੇ ਆਏ ਦਾ ਸਤਿਕਾਰ ਕਰਨਾ ਹੈ ਤਾਂ ਉਸ ਦਾ ਸੰਗਤਾਂ ਵੱਲੋਂ ਜੈਕਾਰਾ ਬੁਲਾ ਕੇ ਸਤਿਕਾਰ ਕੀਤਾ ਜਾ ਸਕਦਾ ਹੈ। ਮੈਂ ਇਹ ਵੀ ਆਪ ਸਾਰਿਆਂ ਨੂੰ ਬੇਨਤੀ ਕਰਦਾ ਹਾਂ, ਖ਼ਾਲਸਾ ਜੀ ਰਹਿਤਨਾਮੇ ਦੇ ਬਚਨ ਹਨ, ਹਰੇਕ ਗੁਰਸਿਖ ਮਾਈ ਭਾਈ ਦਾ ਫਰਜ਼ ਬਣਦਾ ਹੈ ਗੁਰੂ ਸਾਹਿਬ ਦੇ ਇਨ੍ਹਾਂ ਹੁਕਮਾਂ ਉੱਤੇ ਪਹਿਰਾ ਦੇਵੇ।

ਕੰਨਿਆ ਦੇਵੈ ਸਿੱਖ ਕੋ, ਲੇਵੈ ਨਹਿ ਕਿਛੁ ਦਾਮ॥
ਸੋਈ ਮੇਰਾ ਸਿੱਖ ਹੈ ਪਹੁੰਚੇ ਗੁਰ ਕੇ ਧਾਮ॥

ਕਿਸੇ ਵੀ ਗੁਰਸਿੱਖ ਪਰਿਵਾਰ ਨੇ ਆਪਣੀ ਬੇਟੀ ਦਾ ਰਿਸ਼ਤਾ ਕਰਨਾ ਹੈ, ਉਸ ਨੂੰ ਸਿੱਖ ਪਰਿਵਾਰ ਤੋਂ ਬਗੈਗਰ ਨਹੀਂ ਕਰਨਾ ਚਾਹੀਦਾ। ਇੱਥੇ ਕਈ ਰਾਜਪੂਤ ਮੁਗਲ ਰਾਜਿਆਂ ਨੂੰ ਆਪਣੀਆਂ ਧੀਆਂ ਦੇ ਡੋਲੇ ਦੇ ਕੇ ਰਾਜ-ਭਾਗ ਕਰਿਆ ਕਰਦੇ ਸਨ, ਧਿਰਕਾਰ ਹੈ ਉਨ੍ਹਾਂ ਸਿੱਖਾਂ ਨੂੰ ਜੋ ਆਪਣੀ ਧੀ ਦਾ ਰਿਸ਼ਤਾ ਕਿਸੇ ਗੈਰ-ਸਿੱਖ ਨਾਲ ਕਰਦੇ ਹਨ ਅਤੇ ਜੋ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਅੱਜ ਦਿੱਲੀ ਦਾ ਤਖਤ ਗੁਰੂ ਸਾਹਿਬ ਨੂੰ ਸੀਸ ਨਿਵਾਉਣ ਵਾਸਤੇ ਚੱਲ ਕੇ ਆਇਆ ਹੈ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਜੀ ਤੁਸੀਂ ਕੋਈ ਗੁਰੂ ਸਾਹਿਬ 'ਤੇ ਜਾਂ ਸਿੱਖ ਕੌਮ 'ਤੇ ਅਹਿਸਾਨ ਕਰਨ ਨਹੀਂ ਆਏ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦਿੱਲੀ ਦਾ ਤਖਤ ਦਿਵਾਇਆ ਕਿਸੇ ਨੇ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਤਿਲਕ ਜੰਞੂ ਦੀ ਰੱਖਿਆ ਖਾਤਰ ਆਪਣੀ ਅਤੇ ਆਪਣੇ ਗੁਰਸਿੱਖਾਂ ਦੀਆਂ ਸ਼ਹੀਦੀਆਂ ਦੇ ਕੇ ਹੀ ਇਹ ਦਿੱਲੀ ਦਾ ਤਖਤ ਦਿਵਾਇਆ ਹੈ। ਮੈਂ ਕਹਿੰਦਾ ਹਾਂ ਜਿੰਨੇ ਵੀ ਪ੍ਰਧਾਨ ਮੰਤਰੀ ਦੇ ਸਰੀਰ 'ਤੇ ਰੋਮ ਹਨ, ਇੰਨੇ ਵਾਰੀ ਆਪਣਾ ਸੀਸ ਕੱਟ ਕੇ ਵੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਭੇਟਾ ਕਰਨ ਤਾਂ ਵੀ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ, ਅਹਿਸਾਨ ਨਹੀਂ ਚੁਕਾ ਸਕਦੇ। ਮਹਾਂਪੁਰਸ਼ਾਂ ਦੇ ਭੈਅ ਤੋਂ ਰਹਿਤ ਇਨ੍ਹਾਂ ਬਚਨਾਂ ਨੂੰ ਸੁਣ ਕੇ ਉਸੇ ਦਿਨ ਤੋਂ ਹੀ ਦਮਦਮੀ ਟਕਸਾਲ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗ ਗਈ ਸੀ। ਮਹਾਂਪੁਰਸ਼ਾਂ ਨੇ ਸਿੱਖ ਕੌਮ ਨੂੰ ਵੀ ਬਹੁਤ ਵੱਡਾ ਹਲੂਣਾ ਦੇ ਕੇ ਆਪਣੇ ਵਿਰਸੇ ਨਾਲ ਜੋੜਿਆ। ਆਖਰ ਉਹ ਸਮਾਂ ਵੀ ਇੱਕ ਦਿਨ ਆ ਗਿਆ, ਜਦੋਂ ਸਰੀਰ ਕਰਕੇ ਅੱਜ ਤੱਕ ਕਾਲ (ਮੌਤ) ਦੇ ਸਮੇਂ ਤੋਂ ਕੋਈ ਬਚ ਨਹੀਂ ਸਕਿਆ। ਇੱਕ ਦਿਨ ਸਭ ਨੇ ਇਸ ਫਾਨੀ ਦੁਨੀਆ ਨੂੰ ਛੱਡ ਜਾਣਾ ਹੈ, ਮਹਾਂਪੁਰਸ਼ਾਂ ਦਾ ਸੱਚਖੰਡ ਗਮਨ-ਪਿੰਡ ਮਲਸੀਹਾਂ ਵਿਖੇ ਸਰਦਾਰ ਉੱਜਲ ਸਿੰਘ ਦੇ ਘਰ ਸਾਰੇ ਜਥੇ ਸੰਗਤ ਦਾ ਉਤਾਰਾ ਸੀ, ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਦੇ ਸਨ ਅਤੇ ਉਸ ਦਿਨ ਦਾ ਦੀਵਾਨ ਸਜਾ ਕੇ ਅੱਗੇ ਸੋਲਨ ਜਾਣਾ ਸੀ, ਜਾਣ ਤੋਂ ਪਹਿਲਾਂ ਦੀਵਾਨ ਸਜਾਏ ਗਏ, ਜਥੇ ਸੰਗਤ ਦੇ ਹਜ਼ੂਰੀ ਰਾਗੀ, ਭਾਈ ਰਾਮ ਸਿੰਘ ਜੀ, ਭਾਈ ਗੁਰਸ਼ਰਨ ਸਿੰਘ ਜੀ, ਦਾਸ ਭਾਈ ਗੁਰਮੇਲ ਸਿੰਘ ਜੀ ਪਾਸੋਂ ਕੀਰਤਨ ਸਰਵਨ ਕਰਦਿਆਂ ਸਮੇਂ ਮਹਾਂਪੁਰਖਾਂ ਨੇ ਇਹ ਸ਼ਬਦ ਆਪ ਆਗਿਆ ਕਰਕੇ ਸੁਣਿਆ

ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ
ਬੁਝਿ ਸਮਾਵਹਿਗੇ ॥

ਮਹਾਂਪੁਰਸ਼ਾਂ ਨੇ ਫੇਰ ਡੇਢ ਘੰਟਾ ਆਪ ਕਥਾ ਕੀਤੀ ਅਤੇ ਅਖੀਰ ਵਿੱਚ ਸਾਰੇ ਜਥੇ ਪਾਸੋਂ ਅਤੇ ਸੰਗਤਾਂ ਪਾਸੋਂ ਹੱਥ ਜੋੜ ਕੇ ਮੁਆਫੀ ਮੰਗੀ, ਕੜਾਹ ਪ੍ਰਸਾਦਿ ਵਰਤਣ ਸਮੇਂ ਸੰਤਾਂ ਨੇ ਆਪ ਇਹ ਸ਼ਬਦ ਸਾਰੀਆਂ ਸੰਗਤਾਂ ਨਾਲ ਧਾਰਨਾ ਰੂਪ ਵਿੱਚ ਪੜ੍ਹਿਆ-ਨਦੀਆਂ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥ ਸੰਤਾਂ ਮਹਾਂਪੁਰਖਾਂ ਨੇ ਥੋੜ੍ਹੇ ਜਿਹੇ ਸਿੰਘ ਆਪਣੇ ਨਾਲ ਰੱਖ ਕੇ ਬਾਕੀ ਸਾਰੇ ਸਿੰਘਾਂ ਨੂੰ ਸਤਿਕਾਰ ਯੋਗ ਬਾਬਾ ਠਾਕੁਰ ਸਿੰਘ ਜੀ ਨਾਲ ਵੱਡੀ ਬੱਸ ਸਮੇਤ ਮਹਿਤੇ ਜਾਣ ਦੀ ਆਗਿਆ ਕੀਤੀ, ਮਹਾਂਪੁਰਸ਼ ਆਪ ਵੀ ਉਸੇ ਦਿਨ 3 ਅਗਸਤ 1977 ਨੂੰ ਤਿੰਨ ਗੱਡੀਆਂ ਦੇ ਕਾਫਲੇ ਰਾਹੀਂ ਨਗਰ ਮਲਸੀਹਾਂ ਤੋਂ ਸੋਲਨ ਨੂੰ ਤੁਰੇ, ਸ੍ਰੀ ਚੇਸਲਾ ਰਾਮ ਜੀ ਸਿੰਧੀ ਪ੍ਰੇਮੀ ਪਰਿਵਾਰ ਵੱਲੋਂ ਭੇਜੀ ਕਾਰ ਵਿੱਚ, ਮਹਾਂਪੁਰਸ਼ ਅਗਲੀ ਸੀਟ ਉੱਤੇ ਬੈਠ ਗਏ ਅਤੇ ਭਾਈ ਗੁਰਮੁਖ ਸਿੰਘ ਗੜਬਈ, ਭਾਈ ਰਛਪਾਲ ਸਿੰਘ ਜੀ (ਪੀਏ) ਅਤੇ ਜਥੇਦਾਰ ਭਾਈ ਰਾਮ ਸਿੰਘ ਜੀ ਸੁਲਤਾਨਪੁਰੀ ਸੰਤਾਂ ਦੇ ਨਾਲ ਪਿੱਛੇ ਬੈਠ ਗਏ, ਕਾਰ ਦੇ ਪਿੱਛੇ ਜਥੇ ਦੀ ਸਾਡੀ ਜੀਪ ਸੀ ਅਤੇ ਜੀਪ ਦੇ ਪਿੱਛੇ ਜਥੇ ਦੀ ਮਿੰਨੀ ਬੱਸ ਵਿੱਚ ਜੱਥੇ ਦੇ ਸਿੰਘ ਸਨ, ਜਦੋਂ ਫਿਲੌਰ ਦੇ ਉੱਚੇ ਪੁਲ ਦੇ ਥੱਲੇ ਆਏ, ਦਿਨ ਦੇ 3 ਕੁ ਵਜੇ ਦਾ ਟਾਈਮ ਸੀ, ਥੋੜ੍ਹਾ ਜਿਹਾ ਮੀਂਹ ਦਾ ਮੌਸਮ ਸੀ ਅਤੇ ਨਿੱਕੀਆਂ-ਨਿੱਕੀਆਂ ਕਣੀਆਂ ਪੈਂਦੀਆਂ ਸਨ, ਲਾਡੋਵਾਲ ਲੰਘ ਗਏ ਸੀ, ਕਾਰ ਵਾਲਾ ਡਰਾਈਵਰ ਮੂਹਰੇ ਜਾਂਦੀ ਗੱਡੀ ਨੂੰ ਜਦੋਂ ਪਾਸ ਕਰਨ ਲੱਗਾ ਤਾਂ ਲੁਧਿਆਣੇ ਵਾਲੀ ਸਾਈਡ ਤੋਂ ਇੱਕ ਹੋਰ ਗੱਡੀ ਅੱਗੇ ਆ ਗਈ, ਸੰਤਾਂ ਵਾਲੀ ਕਾਰ ਦੇ ਡਰਾਈਵਰ ਨੇ ਉਸ ਤੋਂ ਬਚਾਉਂਦਿਆਂ ਹੋਇਆਂ ਕਾਰ ਨੂੰ ਤੇਜ਼ ਕਰਕੇ, ਅੱਗੇ ਕਰਕੇ ਜਦੋਂ ਕਾਰ ਦੀ ਬਰੇਕ ਮਾਰੀ ਤਾਂ ਕਾਰ ਬੇਕਾਬੂ ਹੋ ਗਈ, ਜੀਪ ਵਿੱਚ ਬੈਠੇ ਸਾਡੀਆਂ ਅੱਖਾਂ ਦੇ ਸਾਹਮਣੇ ਕਾਰ ਘੁੰਮਦੀ ਹੋਈ ਗਈ ਅਤੇ ਸੰਤਾਂ ਵਾਲੀ ਸਾਈਡ ਪੂਰੇ ਜ਼ੋਰ ਨਾਲ ਇੱਕ ਦਰੱਖਤ ਨਾਲ ਜਾ ਟਕਰਾਈ। ਮਹਾਂਪੁਰਸ਼ ਸਖਤ ਜ਼ਖਮੀ ਹੋ ਗਏ, ਸੰਤਾਂ ਨੂੰ ਬਹੁਤ ਗੰਭੀਰ ਸੱਟਾਂ ਵੀ ਲੱਗੀਆਂ, ਅਸੀਂ ਸਾਰੇ ਸਿੰਘ ਪਿੱਛੇ ਸੀ, ਜਲਦੀ ਨਾਲ ਮਹਾਂਪੁਰਸ਼ਾਂ ਦੇ ਸਰੀਰ ਨੂੰ ਸਿੰਘਾਂ ਨੇ ਮਿੰਨੀ ਬੱਸ ਰਾਹੀਂ ਲੁਧਿਆਣੇ ਮਿਸ ਬਰਾਉਨ ਹਸਪਤਾਲ ਵਿੱਚ ਦਾਖਲ ਕਰਵਾਇਆ, ਇਹ ਖਬਰ ਪੇਪਰਾਂ ਰਾਹੀਂ ਸਾਰੇ ਪੰਜਾਬ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ, ਹਰ ਗੁਰਸਿੱਖ ਦਾ ਹਿਰਦਾ ਵਲੂੰਧਰਿਆ ਗਿਆ, ਸੰਗਤਾਂ ਨੇ ਲੁਧਿਆਣੇ ਵੱਲ ਵਹੀਰਾਂ ਘੱਤ ਦਿੱਤੀਆਂ। ਫਿਕਰਮੰਦ ਚਿਹਰੇ ਇੱਕ ਦੂਜੇ ਸਾਹਵੇਂ ਸਵਾਲੀਆ ਨਿਸ਼ਾਨ ਦਾ ਰੂਪ ਧਾਰੀ ਖੜ੍ਹੇ ਸਨ। ਮਹਾਂਪੁਰਖ ਤੇਰਾਂ ਦਿਨ ਹਸਪਤਾਲ ਰਹੇ, ਉਸ ਸਮੇਂ ਭਾਈ ਜਰਨੈਲ ਸਿੰਘ ਜੀ (ਬਾਅਦ ਵਿੱਚ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ) ਅੱਠੇ ਪਹਿਰ ਮਹਾਂਪੁਰਖਾਂ ਦੀ ਸੇਵਾ ਵਿੱਚ ਹਾਜ਼ਰ ਸਨ। ਲੁਧਿਆਣੇ ਹੀ ਗਰੇਵਾਲ ਪਰਿਵਾਰ, ਸਰਦਾਰ ਮਨੋਹਰ ਸਿੰਘ ਜੀ, ਸਰਦਾਰ ਤੇਜਵੰਤ ਸਿੰਘ ਜੀ ਦੇ ਘਰ ਸੰਤਾਂ ਦੀ ਦੇਹ ਅਰੋਗਤਾ ਲਈ ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵੀ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਆਰੰਭ ਕੀਤੇ ਗਏ ਸਨ, ਦਮਦਮੀ ਟਕਸਾਲ ਦੇ ਸਾਰੇ ਵਿਦਿਆਰਥੀਆਂ ਵੱਲੋਂ ਅਤੇ ਸਿੱਖ ਸੰਗਤਾਂ ਵੱਲੋਂ ਵੀ ਸੰਤਾਂ ਦੀ ਦੇਹ ਅਰੋਗਤਾ ਲਈ ਗੁਰਬਾਣੀ ਦੇ ਜਾਪ ਜਾਰੀ ਸਨ, ਪਰ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੇ ਭਾਣੇ ਨੂੰ ਨਹੀਂ ਕੋਈ ਟਾਲ ਸਕਦਾ, ਉਹ ਭਾਣਾ ਵਰਤ ਗਿਆ। ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਆਤਮਾ ਦੀ ਜੋਤ, ਉਸ ਪ੍ਰੀਪੂਰਨ ਪਰਮਾਤਮਾ ਦੀ ਜੋਤ ਵਿੱਚ ਸਮਾ ਗਈ।

(ਸੂਰਜ ਕਿਰਣਿ ਮਿਲੇ ਜਲ ਕਾ
ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਰਸੀ ਸਮਾਗਮ 1 ਭਾਦੋਂ ਮੁਤਾਬਕ 16 ਅਗਸਤ 2024 ਦਿਨ ਸ਼ੁੱਕਰਵਾਰ ਨੂੰ ਵੱਖ-ਵੱਖ ਥਾਵਾਂ 'ਤੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਵਿਖੇ ਬਰਸੀ ਸਮਾਗਮ 14 ਅਗਸਤ ਤੋਂ ਆਰੰਭ ਹਨ ਅਤੇ ਸ਼ੁੱਕਰਵਾਰ 16 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਵਿਸ਼ਾਲ ਦੀਵਾਨ ਸਜੇਗਾ, ਜਿੱਥੇ ਭਾਰੀ ਗਿਣਤੀ ਵਿੱਚ ਸੰਗਤਾਂ ਅਤੇ ਸੰਤ ਮਹਾਂਪੁਰਸ਼ ਪੁੱਜ ਰਹੇ ਹਨ।

---

ਲੋਕ ਨਿਰਮਾਣ ਵਿਭਾਗ ਦੇ ਦਫ਼ਤਰ ਦੀ ਅਚਨਚੇਤ ਚੈਕਿੰਗ ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨ ਦੇ

# ਅਧਿਕਾਰੀਆਂ ਨੂੰ ਕੈਬਨਿਟ ਮੰਤਰੀ ਸ੍ਰ ਈ.ਟੀ.ਓ ਨੇ ਦਿੱਤੇ ਨਿਰਦੇਸ਼

ਜੰਡਿਆਲਾ ਗੁਰੂ 17 ਅਗਸਤ:( ਕੁਲਵੰਤ ਸਿੰਘ ਵਿਰਦੀ ) ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈਟੀਓ ਵੱਲੋਂ ਅੱਜ ਅੰਮ੍ਰਿਤਸਰ ਸਥਿਤ ਲੋਕ ਨਿਰਮਾਣ ਵਿਭਾਗ ਦੇ ਦਫ਼ਤਰ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਵਿਭਾਗ ਦੇ ਹਾਜ਼ਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਲੋਕ ਨਿਰਮਾਣ ਵਿਭਾਗ ਵੱਲੋਂ ਕਰਵਾਏ ਜਾ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਸਾਰੇ ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਅਧਿਕਾਰੀ ਸਿਰਫ਼ ਦਫ਼ਤਰੀ ਪੱਧਰ 'ਤੇ ਹੀ ਨਹੀਂ, ਸਗੋਂ ਖ਼ੁਦ ਮੌਕੇ 'ਤੇ ਜਾ ਕੇ ਵਿਕਾਸ ਕਾਰਜਾਂ ਦੀ ਨਿਯਮਤ ਨਿਗਰਾਨੀ ਕਰਨ ਅਤੇ ਕੰਮ ਦੀ ਗੁਣਵੱਤਾ ਨੂੰ ਵੀ ਯਕੀਨੀ ਬਣਾਉਣ।ਉਨ੍ਹਾਂ ਸਪੱਸ਼ਟ ਹਦਾਇਤ ਕੀਤੀ ਕਿ ਜੇਕਰ ਕੋਈ ਠੇਕੇਦਾਰ ਨਿਰਧਾਰਤ ਸਮੇਂ ਅੰਦਰ ਆਪਣਾ ਕੰਮ ਮੁਕੰਮਲ ਨਹੀਂ ਕਰਦਾ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕੰਮਾਂ ਦੀ ਸਮੇਂ ਸਿਰ ਮੁਕੰਮਲੀ ਲਈ ਅਧਿਕਾਰੀ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰਨ।ਸ. ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਬੁਨਿਆਦੀ ਢਾਂਚਾ ਅਤੇ ਮਿਆਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦਿਆਂ ਵਿਕਾਸ ਕਾਰਜਾਂ ਨੂੰ ਪਾਰਦਰਸ਼ੀ, ਗੁਣਵੱਤਾ ਭਰਪੂਰ ਅਤੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ।



ਆਵਾਜ਼ਿ ਕੌਮ AWAZE QAUM International Newspaper & WEB TV

---

# ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੋਸਾਇਟੀ ਨੇ ਲਗਾਏ ਪੌਦੇ : ਜੱਬਲ

ਫਿਰੋਜ਼ਪੁਰ 17 ਅਗਸਤ (ਮਨੋਹਰ ਲਾਲ): ਹਰ ਸਾਲ ਦੀ ਤਰ੍ਹਾਂ ਰੁੱਖ ਲਗਾਉਣ ਦੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਪੌਦੇ ਲਗਾਈਏ ਪ੍ਰਦੂਸ਼ਣ ਘਟਾਈਏ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੋਸਾਇਟੀ ਰਜਿ 140 ਪੰਜਾਬ ਦੇ ਸਕੱਤਰ ਜਨਰਲ ਸੁਖਮੰਦਰ ਸਿੰਘ ਜੱਬਲ ਨੇ ਦੱਸਿਆ ਕਿ ਅਸੀਂ ਆਪਣੇ ਫਰਜ਼ਾਂ ਨੂੰ ਸਮਝੀਏ ਤੇ ਕੁਦਰਤ ਦੀ ਰੱਖਿਆ ਲਈ ਅੱਗੇ ਆਈਏ ਆਓ ਅਸੀਂ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੰਕਲਪ ਕਰੀਏ ਪਲਾਸਟਿਕ ਦੀ ਵਰਤੋਂ ਘਟਾਈਏ ਪਾਣੀ ਅਤੇ ਹੋਰ ਕੁਦਰਤੀ ਸਰੋਤਾ ਦੀ ਸੰਭਾਲ ਕਰੀਏ ਅਤੇ ਧਰਤੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਰਹਿਣ ਯੋਗ ਬਣਾਈਏ ਕੁਦਰਤ ਨਾਲ ਤਾਲਮੇਲ ਬਣਾ ਕੇ ਹੀ ਅਸੀਂ ਆਪਣੇ ਭਵਿੱਖ ਨੂੰ ਸੁਰੱਖਿਤ ਰੱਖ ਸਕਦੇ ਹਾਂ ਰੁੱਖਾਂ ਨਾਲ ਹੀ ਧਰਤੀ ਸੋਹਣੀ ਲੱਗਦੀ ਹੈ ਅਤੇ ਜੀਵਨ ਮਹਿਕਦਾ ਹੈ ਰੁੱਖਾਂ ਨਾਲ ਹੀ ਸਾਡਾ ਭਵਿੱਖ ਸੁਰੱਖਿਤ ਬਣ ਸਕਦਾ ਹੈ ਆਓ ਆਪਣੇ ਤੇ ਆਪਣਿਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਲਈ ਵੱਧ ਤੋਂ ਵੱਧ ਰੁੱਖ ਲਗਾਈਏ ਇਸ ਮੌਕੇ ਭਗਵਾਨ ਸਿੰਘ ਦੜਿਆਲਾ ਹਰਭਜਨ ਸਿੰਘ ਦੜਿਆਲਾ ਪ੍ਰਦੀਪ ਸਿੰਘ ਭੁੱਲਰ ਅੰਗਰੇਜ਼ ਸਿੰਘ ਕਲਸੀ ਬੂਟਾ ਸਿੰਘ ਹਰਿਆਨ ਸਤਿਨਾਮ ਸਿੰਘ ਹਰਿਆਨ ਜੱਸਬੀਰ ਸਿੰਘ ਕਲਸੀ ਜਸਵਿੰਦਰ ਸਿੰਘ ਸੰਧੂ ਸੁਖਚੈਨ ਸਿੰਘ ਨਾਗੀ ਵੀ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

## ਪਹਿਲਾਂ ਵਾਂਗ ਸਿੱਖ ਕੌਮ ਦੇ ਦਿਲ ਜਿੱਤਣ ਲਈ

# ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਤੁਰੰਤ ਖੋਲ੍ਹਿਆ ਜਾਵੇ—ਚੇਅਰਮੈਨ ਮਨਜੀਤ ਸਿੰਘ ਭੋਮਾ



**ਡੇਰਾ ਬਾਬਾ ਨਾਨਕ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਲਾਂਘਾ ਖੋਲ੍ਹਣ ਦੀ ਅਰਦਾਸ ਨੂੰ ਲੈ ਕੇ ਹੋਈ ਮਹੀਨੇਵਾਰ ਅਰਦਾਸ ਵਿੱਚ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਭਾਰਤ ਸਰਕਾਰ ਤੋਂ ਕਾਰੀਡੋਰ ਤੁਰੰਤ ਖੋਲ੍ਹਣ ਦੀ ਪੁਰਜ਼ੋਰ ਮੰਗ ਕੀਤੀ।

ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਭਾਈ ਮਨਜੀਤ ਸਿੰਘ ਭੋਮਾ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਕਿਸੇ ਇੱਕ ਧਿਰ ਜਾਂ ਸਰਕਾਰ ਦਾ ਨਹੀਂ, ਸਗੋਂ ਗੁਰੂ ਘਰ ਨਾਲ ਜੁੜੀ ਕਰੋੜਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਮਸਲਾ ਹੈ। ਭਾਰਤ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਕਾਰੀਡੋਰ ਖੋਲ੍ਹ ਕੇ ਸਿੱਖ ਸੰਗਤ ਨੂੰ ਆਪਣੇ ਗੁਰੂ ਘਰ ਦੇ ਖੁੱਲ੍ਹੇ ਦਰਸ਼ਨ-ਦੀਦਾਰ ਦਾ ਮੌਕਾ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਤੇ ਪ੍ਰਧਾਨ ਮੰਤਰੀਆਂ ਸਿੱਖ ਕੌਮ ਦੇ ਦਿਲ ਜਿੱਤਣ ਲਈ ਕਰਤਾਰਪੁਰ ਸਾਹਿਬ ਲਾਂਘਾਂ ਮੁੜ੍ਹ ਖੋਲ੍ਹਣਾ ਚਾਹੀਦਾ ਹੈ।

ਸਿੱਖ ਆਗੂ ਵਿਧਾਨ ਸਭਾ ਹਲਕਾ ਅਜਨਾਲਾ ਦੇ ਸੇਵਾਦਾਰ ਭਾਈ ਸੁਰਿੰਦਰ ਪਾਲ ਸਿੰਘ ਤਾਲਬਪੁਰਾ ਨੇ ਕਿਹਾ ਕਿ ਅੱਜ ਦੇਸ਼ ਆਪਣਾ 80ਵਾਂ ਆਜ਼ਾਦੀ ਦਿਵਸ ਮਨਾ ਰਿਹਾ ਹੈ। ਜੇਕਰ ਸਰਕਾਰ ਸੱਚਮੁੱਚ ਸਭ ਧਰਮਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਤਾਂ ਇਸ ਇਤਿਹਾਸਕ ਦਿਹਾੜੇ 'ਤੇ ਸਿੱਖ ਕੌਮ ਨੂੰ ਸਭ ਤੋਂ ਵੱਡਾ ਤੋਹਫ਼ਾ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਖੋਲ੍ਹ ਕੇ ਦੇਣਾ ਚਾਹੀਦਾ ਸੀ।

ਭਾਈ ਤਾਲਬਪੁਰਾ ਨੇ ਕਿਹਾ ਕਿ ਇੱਕ ਪਾਸੇ ਸਰਕਾਰਾਂ ਸਿੱਖਾਂ ਨਾਲ ਸੰਪਰਕ ਅਤੇ ਭਰੋਸੇ ਦੀਆਂ ਗੱਲਾਂ ਕਰਦੀਆਂ ਹਨ, ਪਰ ਦੂਜੇ ਪਾਸੇ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨਾਂ ਦਾ ਰਸਤਾ ਬੰਦ ਰੱਖਣਾ ਸਿੱਖ ਭਾਵਨਾਵਾਂ ਨਾਲ ਵੱਡਾ ਅਨਿਆਇ ਹੈ। ਕੇਂਦਰ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕਾਰੀਡੋਰ ਕਦੋਂ ਖੋਲ੍ਹਿਆ ਜਾ ਰਿਹਾ ਹੈ ਅਤੇ ਜੇਕਰ ਕੋਈ ਰੁਕਾਵਟ ਹੈ ਤਾਂ ਉਸ ਨੂੰ ਦੂਰ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਗੁਰੂ ਘਰ ਦੇ ਦਰਸ਼ਨਾਂ ਲਈ ਕਿਸੇ ਸਿਆਸੀ ਰਹਿਮ ਦੀ ਮੰਗ ਨਹੀਂ ਕਰ ਰਹੀ, ਸਗੋਂ ਆਪਣੇ ਧਾਰਮਿਕ ਹੱਕ ਅਤੇ ਸ਼ਰਧਾ ਦੇ ਰਸਤੇ ਨੂੰ ਖੋਲ੍ਹਣ ਦੀ ਮੰਗ ਕਰ ਰਹੀ ਹੈ। ਭਾਈ ਤਾਲਬਪੁਰਾ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਨੂੰ ਸਿਆਸੀ ਸੌਦੇਬਾਜ਼ੀ ਜਾਂ ਚੋਣੀ ਰਾਜਨੀਤੀ ਦਾ ਮੁੱਦਾ ਨਾ ਬਣਾਇਆ ਜਾਵੇ। ਜੇਕਰ ਭਾਜਪਾ ਪੰਜਾਬ ਵਿੱਚ ਆਪਣਾ ਸਿਆਸੀ ਆਧਾਰ ਬਣਾਉਣਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਸਿੱਖ ਭਾਵਨਾਵਾਂ ਨਾਲ ਜੁੜੇ ਇਸ ਅਹਿਮ ਮਸਲੇ 'ਤੇ ਆਪਣੀ ਨੀਅਤ ਅਤੇ ਨੀਤੀ ਸਪੱਸ਼ਟ ਕਰੇ। ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਲਾਂਘਾ ਖੋਲ੍ਹਣ ਲਈ ਅਰਦਾਸ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲੇ ਦੇ ਪੋਤਰੇ ਭਾਈ ਕਵਰਚੜਤ ਸਿੰਘ ਫੈਡਰੇਸ਼ਨ ਆਗੂ ਨੇ ਕੀਤੀ। ਇਸ ਮੌਕੇ ਭਾਈ ਸੁਖਜਿੰਦਰ ਸਿੰਘ ਮਜੀਠਾ, ਭਾਈ ਰਵਿੰਦਰ ਸਿੰਘ ਮਜੀਠਾ, ਭਾਈ ਰਜਵੰਤ ਸਿੰਘ ਮਹਿਲਾਂਵਾਲਾ, ਗੁਰਪ੍ਰੀਤ ਸਿੰਘ ਬਟਾਲਾ, ਮਲਕੀਤ ਸਿੰਘ ਪੰਨੂ, ਮਨਜੋਤ ਸਿੰਘ ਪੁਰੇਵਾਲ,ਭਾਈ ਸਰਬਜੀਤ ਸਿੰਘ ਅੰਮ੍ਰਿਤਸਰ, ਮਨਬੀਰ ਸਿੰਘ ਦਾਬਾਂਵਾਲ, ਦਲਜੀਤ ਸਿੰਘ ਪਾਖਰਪੁਰਾ, ਸਰਤਾਜਪ੍ਰੀਤ ਸਿੰਘ ਭੰਗੂ, ਹਰਦੀਪ ਸਿੰਘ ਸਰਪੰਚ, ਜਸਪਾਲ ਸਿੰਘ ਪੱਸ਼ੀਆ, ਸੁੱਚਾ ਸਿੰਘ ਜੱਟਾ, ਮੰਗਲ ਸਿੰਘ ਮਾਛੀਵਾਲਾ, ਗੁਰਬੀਰ ਸਿੰਘ ਦੁਧਰਾਏ, ਗੁਰਪ੍ਰੀਤ ਸਿੰਘ ਗੱਗੋਮਾਹਲ,ਨਰਿੰਦਰ ਸਿੰਘ ਨਾਸਰ, ਭਾਈ ਪ੍ਰਗਟ ਸਿੰਘ ਦਾਲਮ, ਭਾਈ ਨਿਰਮਲ ਸਿੰਘ ਕੰਬੋ, ਭਾਈ ਕੁਲਵਿੰਦਰ ਸਿੰਘ ਕੋਟ ਰਜਾਦਾ, ਜਗਜੀਤ ਸਿੰਘ ਸੁਲਤਾਨ ਮਾਹਲ, ਭਾਈ ਗੁਰਪ੍ਰੀਤ ਸਿੰਘ ਸੋਢੀ ਆਦਿ ਹਾਜ਼ਰ ਸਨ।

# ਵਿਵਿਧ ਕਲਾ ਦਾ ਜਗਦਾ ਪੰਜ ਮੁਖੀਆ ਦੀਵਾ : ਸ਼ਿਲਪੀ ਚਾਵਲਾ



ਸ਼ਿਲਪੀ ਚਾਵਲਾ ਐਡਮਿੰਟਨ ਕਨੇਡਾ ਵਿਚ ਰਹਿ ਕੇ ਵੀ ਪੰਜਾਬੀ ਮਾਂ ਦੀ ਸੇਵਾ ਵਿਵਿਧ ਕਲਾਵਾਂ ਰਾਹੀਂ ਕਰਦੀਆਂ ਆ ਰਹੀ ਹੈ। ਉਸ ਨੇ ਕਈ ਫਿਲਮਾਂ ਵਿਚ ਅਭਿਨੈ ਕੀਤਾ। ਇਸ ਦੇ ਨਾਲ ਹੀ ਲੇਖਣ, ਅਤੇ ਗਾਇਨ ਕਲਾ ਵਿਚ ਵੀ ਪ੍ਰਤਿਸ਼ਠਾ ਦੇ ਕੀਰਤੀਮਾਨ ਸਥਾਪਿਤ ਕੀਤੇ। ਉਸ ਨੇ ਕਈ ਤਰ੍ਹਾਂ ਦੀ ਐਕਟਿੰਗ ਕਰਕੇ ਅਪਣੇ ਬਹੁਪੱਖੀ ਹੁਨਰ ਨੂੰ ਉਚ ਕਲਾਕਾਰਾਂ ਦੀ ਸ਼੍ਰੇਣੀ ਵਿਚ ਪਹੁੰਚਾਇਆ ਹੈ। ਗੀਤ ਗਾਇਨ ਕਲਾ ਵਿਚ ਵੀ ਅਪਣੀ ਸ਼ੈਲੀ-ਸ਼ਿਲਪ ਨੂੰ ਉਭਾਰਿਆ ਹੈ। ਉਸ ਨੇ ਸਭਿਆਚਾਰ ਦੀ ਸ਼੍ਰੇਣੀ ਵਿਚ ਗਿੱਧਾ, ਭੰਗੜਾ, ਲਾਈਵ ਥੀਏਟਰ, ਮੰਚ ਸੰਚਾਲਨ, ਰੇਡੀਓ, ਟੀ.ਵੀ. ਦੇ ਪ੍ਰੋਗਰਾਮ ਪ੍ਰਸਾਰਤ ਕਰਕੇ ਯਸ਼ ਤੇ ਕੀਰਤੀ ਅਰਪਿਤ ਕੀਤੀ ਹੈ। ਉਸ ਨੇ ਸਭ ਕਲਾਵਾਂ ਵਿਚ ਕਈ ਉਚ ਪੱਧਰੀ ਈਨਾਮ, ਮਾਨ-ਸਨਮਾਨ ਹਾਸਿਲ ਕੀਤੇ ਹਨ। ਉਸ ਨੇ ਕਲਾ ਸਾਧਨਾ ਤੇ ਸੁੰਦਰਤਾ ਦੇ ਕਾਰਣ ਸਮਝਦਾਰੀ, ਆਸ਼ਾ, ਪ੍ਰੇਮ ਤੇ ਪ੍ਰਸੰਨਤਾ ਨੂੰ ਮਨੁੱਖ ਨਾਲ ਜੋੜ ਕੇ ਮਨੁੱਖ ਲਈ, ਸਮਾਜ ਲਈ ਮਨੋਰੰਜਨ ਦਾ ਸਾਧਨ ਬਣਾ ਦਿੱਤਾ। ਉਸ ਨੇ ਚੋਟੀ ਦੇ ਕਲਾਕਾਰਾਂ ਨਾਲ ਅਪਣੀ ਐਕਟਿੰਗ, ਗਾਇਨ ਸ਼ੈਲੀ, ਸੁ ਲਗਾਵਣ ਦੇ ਢੰਗ, ਸੰਗੀਤ ਤੇ ਮੁਸ਼ਿਕਲ ਸਰਗਮਾਂ ਦੀ ਪ੍ਰਸ਼ਤੂਤਾ, ਗਾਇਨ ਦੀਆਂ ਬਾਰੀਕੀਆਂ ਅਤੇ ਅਪਣੇ ਸੁਰ ਨੂੰ ਨਿਯੰਤਰਨ ਦੀ ਕੋਸ਼ਿਸ਼ ਕੀਤੀ ਤੇ ਸਫ਼ਲਤਾ ਦੀ ਬੁਲੰਦੀ ਅਨੁਪ੍ਰਾਣਿਤ ਕੀਤੀ। ਜਵਾਨ ਹੋਵੇ ਜਾਂ ਬੁਢਾਪਾ, ਦੁੱਖ ਹੋਵੇ ਜਾ ਸੁੱਖ, ਏਕਾਂਤ ਹੋਵੇ ਜਾ ਸਮੂਹ, ਜੀਵਨ ਦੇ ਹਰ ਮੋੜ 'ਤੇ ਸੰਗੀਤ ਮਾਨਵ ਨੂੰ ਅਨੁਪ੍ਰਾਣਿਤ ਤੇ ਪ੍ਰੋਤ ਸਾਹਿਤ ਕਰਦਾ ਹੈ, ਆਸ ਹਿਤ ਕਰਦਾ ਹੈ, ਮਾਰਗ ਦਰਸ਼ਿਤ ਕਰਦਾ ਹੈ ਅਧਿਆਤਮਿਕ ਜੀਵਨ ਦਾ ਤਾਂ ਸੰਗੀਤ ਬਹੁਤ ਹੀ ਸਬਲ ਹੁੰਦਾ ਹੈ।

ਉਸ ਨੇ ਸੰਗੀਤ ਅਤੇ ਵੱਖ-ਵੱਖ ਕਲਾਵਾਂ ਦੀ ਅਭਿ ਵਿਅਕਤੀ ਵਿਚ ਸ਼ਿਲਪਕਾਰ ਦੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਸ ਨੇ ਬਚਪਨ ਵਿਚ ਹੀ ਸੰਗੀਤ ਤੇ ਥੀਏਟਰ ਵਿਚ ਆਨੰਦ ਪ੍ਰਵਿਰਤੀ ਨੂੰ ਹਾਸਿਲ ਕੀਤਾ। ਗਾਇਨ ਵਿਚ ਕੁਸ਼ਲਤਾ, ਥੀਏਟਰ ਵਿਚ ਪਾਰਫਾਰਮ ਕਰਨ ਦੇ ਢੰਗ ਪੂਰਨ ਆਤਮ ਵਿਸ਼ਵਾਸ ਅਤੇ ਸੰਤੋਖ ਜਨਕ ਚਿੰਤਨ ਨਾਲ ਸੰਵਾਰੇ।

ਉਸ ਨੇ ਹਿੰਦੀ-ਪੰਜਾਬੀ ਲਘੂ ਤੇ ਹੋਰ ਫਿਲਮਾਂ ਜਿਸ ਤਰ੍ਹਾਂ ਕਾਲਾ ਸ਼ਾਹ ਕਾਲਾ, ਰੌਲਾ ਬੇਸਮੇਂਟ ਦਾ ਮਾਸ਼ਾ ਅਤੇ ਲਾਈਵ ਥੀਏਟਰ ਵਿਚ ਅਪਣੀ ਕਲਾ ਦਾ ਜਾਣੂੰ ਬਿਖੇਰਿਆ। ਸਪਰਾ ਸਾਹਿਬ ਦੇ ਨਾਟਕ ਬੰਦ ਖਿੜਕੀਆਂ ਵਿਚ ਵਧੀਆ ਐਕਟਿੰਗ ਸਨਮਾਨ ਹਾਸਿਲ ਕੀਤਾ। ਉਸ ਨੇ ਵੱਖ-ਵੱਖ ਵਿਸ਼ਿਆਂ ਵਿਚ ਪੋਸਟ ਗ੍ਰੈਜੂਏਟ ਤਕ ਦੀ ਪੜ੍ਹਾਈ ਕੀਤੀ ਹੈ। ਉਸ ਨੇ ਵਿਸ਼ੇਸ ਤੌਰ 'ਤੇ ਪ੍ਰੋਡਿਊਸਰ ਐਕਟਰ ਸੋਜ ਝੱਜ ਨਾਲ ਅਭਿਨੈ ਅਤੇ ਸਹਿਯੋਗੀ ਕਲਾਵਾਂ ਦਾ ਯੋਗਦਾਨ ਪਾਇਆ ਹੈ। ਉਸ ਨੇ ਵਿਸ਼ੇਸ ਤੌਰ 'ਤੇ ਬਲਵਿੰਦਰ ਵਿੱਕੀ, ਰੌਣਕੀ ਰਾਮ, ਹਰਪ੍ਰੀਤ ਰਿੰਪੀ, ਸਮਰਾ ਜੀ, ਕਪਿਲ ਸ਼ਰਮਾ ਤੇ ਉਨ੍ਹਾਂ ਦੀ ਪਤਨੀ ਗਿੰਨੀ ਦਾ ਵੀ ਸਹਿਯੋਗ ਪ੍ਰਾਪਤ ਕੀਤਾ ਹੈ। ਦੂਰ ਦਰਸ਼ਨ ਰੇਡੀਉ, ਆਲ ਇੰਡੀਆ ਰੇਡੀਉ ਜਲੰਧਰ, ਦੂਰਦਰਸ਼ਨ ਜਲੰਧਰ ਅਤੇ ਕਨੇਡਾ ਦੇ ਕਈ ਰੇਡੀਉ ਟੀ.ਵੀ.ਉਪਰ ਅਪਣੀ ਆਵਾਜ਼ ਤੇ ਕਲਾ ਦੇ ਕੀਰਤੀਮਾਨ ਸਥਾਪਿਤ ਕੀਤੇ। ਨਿਊਯਾਰਕ, ਯੂ.ਐਸ.ਏ. ਰੇਡੀਉ ਤੇ ਪ੍ਰੋਗਰਾਮ ਕੀਤੇ। ਮੰਚ ਸੰਚਾਲਨ ਉਹ ਲਗਭਗ ਦੋ ਦਹਾਕਿਆਂ ਤੋਂ ਕਰਦੀ ਆ ਰਹੀ ਹੈ। ਉਸ ਨੇ ਉਚ ਕੋਟੀ ਦੇ ਗਾਇਕਾਂ ਦੀਆਂ ਸਟੇਜ਼ਾਂ ਉਪਰ ਮੰਚ ਸੰਚਾਲਨ ਕੀਤਾ। ਗੁਰਦਾਸਮਾਨ, ਤਰਸੇਮ ਜੱਸੜ, ਰਣਜੀਤ ਬਾਵਾ, ਦਲਜੀਤ ਦੁਸਾਂਝ, ਲਖਵਿੰਦਰ ਵਡਾਲੀ ਤੇ ਸਤਿੰਦਰ ਸਿਰਤਾਜ ਆਦਿ ਦੀਆਂ ਸਟੇਜ਼ਾਂ ਤੇ ਮੰਚ ਸੰਚਾਲਨ ਕੀਤਾ। ਉਨ੍ਹਾਂ ਨੇ ਜਾਵੇਦ ਅਖ਼ਤਰ, ਰਿਚਾ ਸ਼ਰਮਾ, ਸ੍ਰੀ ਸਾਰੇਆਗੋਸਾਲ, ਕੁਮਾਰ ਸਾਨੂੰ, ਆਤਿਸ਼, ਰਾਹਤ ਫਤਹਿ ਅਲੀ ਖਾਂ, ਵਿਸ਼ਾਲ ਤੇ ਸ਼ੇਖਰ ਜਿਹੇ ਉਚ ਕੋਟੀ ਦੇ ਕਲਾਕਾਰਾਂ ਨਾਲ ਮੰਚ ਸੰਚਾਲਨ ਕੀਤਾ। ਉਸ ਦੇ ਮਸ਼ਹੂਰ ਗੀਤ ਹੀਲਾ, ਵਲੈਤਨ, ਕੰਘੀ ਵਾਹਵਾਂ, ਬਲੇਮ ਆਦਿ ਹਨ। ਮਾਸ਼ਾ ਫਿਲਮ ਦੀ ਲੇਖਿਕਾ ਤੇ ਹੀਰੋਇਨ ਵੀ ਆਪ ਹੀ ਹੈ। ਇਸ ਦੇ ਡਾਇਰੈਕਟਰ ਕਵੀ ਰਾਜ ਯੂ.ਐਸ.ਏ. ਹਨ। ਹੀਰੋ ਦੀ ਭੂਮਿਕਾ ਰਾਜ ਯੋਧਾਂ ਨੇ ਨਿਭਾਈ ਹੈ।

ਉਹ ਖੁਸ਼ ਦਿਲ ਤੇ ਮਸਤ ਸੁਭਾਅ ਦੀ ਚੁਲਬੁਲੀ, ਸ਼ੋਖ਼ ਦੀ ਖਨਕਟੀ ਆਵਾਜ਼ ਉਸ ਦੀ ਸੰਵੇਦਨਾ ਦਾ ਵਿਸ਼ੇਸ਼ ਸਨਮਾਨ ਹੈ। ਉਸ ਨੇ ਜਿਸ ਕਲਾ ਵਿਚ ਵੀ ਕੰਮ ਕੀਤਾ ਉਸ ਵਿਚ ਹੀ ਸਮੇਂ ਦੀ ਵਹਿੰਦੀ ਧਾਰਾਂ, ਜੀਵਨ ਵਿਵਸਥਾ, ਅਨੁਸ਼ਾਸਨ ਅਤੇ ਸਦਭਾਵਨਾ ਵਰਗੇ, ਗੁਣਾਂ ਨੂੰ ਭਰ ਕੇ ਅਸੀਸ ਅਪਣਤਵ, ਸੰਕੇਤ ਅਤੇ ਹਮਦਰਦੀ ਭਰ ਕੇ ਮਹੱਤਵ ਅਤੇ ਭਾਵਨਾਵਾਂ ਨੂੰ ਓਤ ਪ੍ਰੋਤ ਕੀਤਾ। ਉਸ ਦੀ ਸੰਚਾਲਨ ਵਿਧੀ ਸਕੂਲ ਤੇ ਕਾਰਗਰ ਯੋਜਨਾ ਅਤੇ ਪਰਸਪਰ ਸਹਿਯੋਗਗ ਨੂੰ ਅਨੂਠੀ ਮਿਸਾਲ ਵਿਚ ਪ੍ਰਵਰਿਤ ਕਰਦੀ ਹੈ। ਵਿਭਿੰਨ ਕਲਾਵਾਂ ਉਸ ਦੀ ਮਿਹਨਤ, ਲਗਨ, ਅਨੁਸ਼ਾਸਨ ਅਤੇ ਕਰਮਠਤਾ ਕਰਕੇ ਬੁਲੰਦੀ ਦਾ ਸਿਹਰਾ ਪ੍ਰਬਲ ਕਰਦੀਆਂ ਹਨ। ਉਸ ਦੀ ਕਾਰਜ ਸ਼ੈਲੀ ਵਿਚ ਸੇਵਾ, ਸਾਕਾਰਤਮਿਕਤਾ, ਸੰਤੁਸ਼ਟੀ, ਸ਼ਿਲਪ ਤੇ ਗੁਣਾਂ ਦਾ ਆਨੰਦ ਸ਼ਾਮਿਲ ਹੈ। ਉਨ੍ਹਾਂ ਦੀ ਦੂਰ ਦ੍ਰਿਸ਼ਟਤਾ ਵਿਚ ਉਤਮ ਤੇ ਸਦ ਗੁਣਾ ਦਾ ਵਿਕਾਸ ਹੈ।

ਭਵਿੱਖ ਵਿਚ ਸ਼ਿਲਪੀ ਚਾਵਲਾ ਤੇ ਹੋਰ ਉਮੀਦਾਂ ਹਨ ਕਿ ਵੱਖ-ਵੱਖ ਵਿਧਾਵਾਂ-ਕਲਾਵਾਂ ਰਾਹੀਂ ਪੰਜਾਬ ਮਾਂ ਬੋਲੀ ਦੀ ਸੇਵਾ ਕਰਦੀ ਰਹੇਗੀ।

**-ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**
**ਐਡਮਿੰਟਨ ਕਨੇਡਾ 98156-25409**

# ਕੌਮੀ ਇਨਸਾਫ ਮੋਰਚੇ ਦੇ ਪੰਜਾਬ ਬੰਦ ਦੇ ਸੱਦੇ ਦੀ ਪੂਰਨ ਹਮਾਇਤ ਕਰਦੇ ਹਾਂ- ਗਿਆਨੀ ਹਰਪ੍ਰੀਤ ਸਿੰਘ




**ਚੰਡੀਗੜ੍ਹ, 17 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਜਥੇਬੰਦੀ ਵੱਲੋਂ 21 ਅਗਸਤ ਦੇ ਪੰਜਾਬ ਬੰਦ ਦੀ ਪੂਰਨ ਹਮਾਇਤ ਕੀਤੀ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ ਸਰਹੱਦ 'ਤੇ ਚੱਲ ਰਹੇ ਕੌਮੀ ਇਨਸਾਫ ਮੋਰਚੇ ਨੇ ਇਸ ਬੰਦ ਦੀ ਕਾਲ ਦਿੱਤੀ ਹੋਈ ਹੈ। ਇਹ ਕਾਲ ਬੰਦੀ ਸਿੰਘਾਂ ਦੀ ਰਿਹਾਈ ਅਤੇ 15 ਅਗਸਤ ਨੂੰ ਮੋਰਚੇ ਵੱਲੋਂ ਕੀਤੇ ਗਏ ਸ਼ਾਂਤਮਈ ਮਾਰਚ ਉਤੇ ਤਸ਼ੱਦਦ ਕਰਨ ਅਤੇ ਆਗੂਆਂ ਉੱਤੇ ਪਰਚੇ ਦਰਜ ਕਰਨ ਖਿਲਾਫ ਦਿੱਤੀ ਗਈ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰ ਸਾਡੇ ਸਿੰਘਾਂ ਨੂੰ ਰਿਹਾਅ ਕਰਨ ਤੋਂ ਹੀ ਇਨਕਾਰੀ ਨਹੀਂ ਹੈ, ਸਗੋਂ ਉਹਨਾਂ ਦੀ ਰਿਹਾਈ ਦੀ ਮੰਗ ਕਰਨ ਵਾਲਿਆਂ ਦੀ ਅਵਾਜ ਨੂੰ ਤਸ਼ੱਦਦ ਅਤੇ ਪਰਚਿਆਂ ਨਾਲ ਦਬਾਅ ਰਹੀ ਹੈ। ਇਸ ਲਈ ਪੰਜਾਬ ਦੇ ਇਨਸਾਫ ਪਸੰਦ ਲੋਕਾਂ ਨੂੰ ਸਰਕਾਰਾਂ ਦੀ ਇਸ ਧੱਕੇਸ਼ਾਹੀ ਦਾ ਮੂੰਹ ਤੋੜ ਜਵਾਬ ਦੇਣ ਲਈ 21 ਅਗਸਤ ਨੂੰ ਮੁਕੰਮਲ ਬੰਦ ਰੱਖਣ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਸਾਡੀ ਜਥੇਬੰਦੀ ਦੇ ਆਗੂ ਅਤੇ ਵਰਕਰ ਲੋਕਾਂ ਨਾਲ ਮਿਲ ਕੇ ਇਸ ਬੰਦ ਨੂੰ ਸਫਲ ਬਣਾਉਣਗੇ ਤਾਂ ਜੋ ਸਜਾ ਭੁਗਤਣ ਤੋਂ ਬਾਅਦ ਵੀ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੈਠੇ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਸਰਕਾਰਾਂ 'ਤੇ ਦਬਾਅ ਬਣਾਇਆ ਜਾ ਸਕੇ। ਪ੍ਰੈੱਸ ਨੂੰ ਇਹ ਬਿਆਨ ਮੀਡੀਆ ਇੰਚਾਰਜ ਸ ਤੇਜਿੰਦਰ ਸਿੰਘ ਪੰਨੂੰ ਵੱਲੋਂ ਜਾਰੀ ਕੀਤਾ ਗਿਆ।

# ਮੁੱਖ ਮੰਤਰੀ ਦੀਆਂ ਲੋਕ ਭਲਾਈ ਨੀਤੀਆਂ ਕਾਰਨ 2027 ਦੁਬਾਰਾ ਬਣੇਗੀ ਆਪ ਦੀ ਸਰਕਾਰ ਚੇਅਰਮੈਨ ਸਰਪੰਚ ਮਨਪ੍ਰੀਤ ਸਰਮਾ ਜਹਾਂਗੀਰ

**ਧੂਰੀ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ-ਨਾਲ ਮਹਿਲਾਵਾਂ ਅਤੇ ਬੱਚਿਆਂ ਦੀ ਭਲਾਈ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਸਰਪੰਚ ਮਨਪ੍ਰੀਤ ਸ਼ਰਮਾ ਚੇਅਰਮੈਨ ਬ੍ਰਾਹਮਣ ਵੈਲਫੇਅਰ ਬੋਰਡ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸਪੱਸ਼ਟ ਨਿਰਦੇਸ਼ ਹੈ ਕਿ ਸਰਕਾਰ ਦੀ ਹਰ ਨੀਤੀ ਦਾ ਕੇਂਦਰ ਆਮ ਲੋਕਾਂ ਦੀ ਭਲਾਈ ਹੋਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ। ਇਸੇ ਮੰਤਵ ਨਾਲ ਸਰਕਾਰ ਦੇ ਨੁਮਾਇੰਦੇ ਲਗਾਤਾਰ ਪਿੰਡ-ਪਿੰਡ ਅਤੇ ਘਰ-ਘਰ ਪਹੁੰਚ ਰਹੇ ਹਨ। ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਧੂਰੀ ਮੁੱਖ ਮੰਤਰੀ ਦਾ ਆਪਣਾ ਹਲਕਾ ਹੈ। ਇਸ ਲਈ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਪਿਛਲੇ ਚਾਰ ਸਾਲਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਲਗਾਤਾਰ ਅਮਲੀ ਰੂਪ ਦਿੱਤਾ ਗਿਆ ਹੈ। ਹਰ ਪਿੰਡ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਵਿਕਾਸ ਲਈ ਪਹਿਲਾਂ ਹੀ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਹੁਣ ਲੋਕਾਂ ਨਾਲ ਸਿੱਧਾ ਸੰਵਾਦ ਕਰਕੇ ਨਵੀਆਂ ਲੋੜਾਂ ਬਾਰੇ ਜਾਣਕਾਰੀ ਲਈ ਜਾ ਰਹੀ ਹੈ ਤਾਂ ਜੋ ਬਾਕੀ ਰਹਿੰਦੇ ਵਿਕਾਸ ਕਾਰਜ ਵੀ ਤਰਜੀਹੀ ਆਧਾਰ 'ਤੇ ਪੂਰੇ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਗਲੀਆਂ-ਨਾਲੀਆਂ, ਸੜਕਾਂ, ਧਰਮਸ਼ਾਲਾਵਾਂ, ਕਮਿਊਨਿਟੀ ਭਵਨਾਂ, ਸ਼ੈੱਡਾਂ, ਖੇਡ ਮੈਦਾਨਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਸਬੰਧੀ ਪ੍ਰਾਪਤ ਮੰਗਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਕੋਈ ਵੀ ਜਾਇਜ਼ ਮੰਗ ਅਣਗੌਲੀ ਨਾ ਰਹੇ। ਹਰ ਵਿਕਾਸ ਕਾਰਜ ਨਿਰਧਾਰਤ ਮਿਆਰਾਂ ਅਨੁਸਾਰ ਉੱਚ ਗੁਣਵੱਤਾ ਨਾਲ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹਰ ਵਰਗ ਦੀ ਭਲਾਈ ਲਈ ਕਈ ਇਤਿਹਾਸਕ ਪਹਿਲਕਦਮੀਆਂ ਕੀਤੀਆਂ ਹਨ। ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ, ਜ਼ੀਰੋ ਬਿਜਲੀ ਬਿੱਲ, ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਸਿਹਤ ਸੇਵਾਵਾਂ, ਖੇਤਾਂ ਨੂੰ ਨਹਿਰੀ ਪਾਣੀ ਅਤੇ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਰਗੇ ਫ਼ੈਸਲਿਆਂ ਦਾ ਲਾਭ ਲੋਕਾਂ ਨੂੰ ਮਿਲ ਰਿਹਾ ਹੈ।

### ਗੁਰਦੁਆਰਾ ਨਾਨਕਸਰ ਛਾਂਗਾ ਖੁਰਦ ਵਿਖੇ ਭਾਦੋਂ ਦੀ ਸੰਗ੍ਰਾਂਦ ਅਤੇ

# ਮਾਤਾ ਸੰਤ ਕੌਰ ਜੀ ਅਤੇ ਮਹੰਤ ਭਾਈ ਮਲੂਕ ਸਿੰਘ ਦੀ ਬਰਸੀ ਮਨਾਈ ਗਈ

ਫਿਰੋਜ਼ਪੁਰ 17 ਅਗਸਤ (ਮਨੋਹਰ ਲਾਲ): ਗੁਰਦੁਆਰਾ ਠਾਠ ਨਾਨਕਸਰ ਛਾਗਾ ਖੁਰਦ ਵਿਖੇ ਭਾਦੋਂ ਮਹੀਨੇ ਦੀ ਸੰਗ੍ਰਾਂਦ ਦਾ ਪਵਿੱਤਰ ਦਿਹਾੜਾ, ਮਹਾਂਪੁਰਖ ਸ਼੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਸੰਤ ਕੌਰ ਜੀ ਅਤੇ ਮਹੰਤ ਭਾਈ ਮਲੂਕ ਸਿੰਘ ਜੀ ਦੀ ਬਰਸੀ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਧਾਰਮਿਕ ਸਮਾਗਮ ਵਿੱਚ ਇਲਾਕੇ ਦੀਆਂ ਭਾਰੀ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਦੀ ਆਰੰਭਤਾ ਮੌਕੇ ਸਭ ਤੋਂ ਪਹਿਲਾਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏਅਤੇ ਢਾਡੀ ਦਰਬਾਰ ਸਜਾਏ ਗਏ। ਇਸ ਮੌਕੇ ਵੱਖ-ਵੱਖ ਰਾਗੀ ਅਤੇ ਢਾਡੀ ਜਥਿਆਂ ਨੇ ਆਪਣੀ ਮਧੁਰ ਬਾਣੀ ਅਤੇ ਗੁਰੂ ਇਤਿਹਾਸ ਸੁਣਾ ਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੌਰਾਨ ਹਾਜ਼ਰੀ ਲਵਾਉਣ ਵਾਲੇ ਪ੍ਰਮੁੱਖ ਰਾਗੀ ਭਾਈ ਤਜਿੰਦਰ ਸਿੰਘ ਗੁਰਦੁਆਰਾ ਸ੍ਰੀ ਨਾਨਕਸਰ ਵਾਲਿਆ ਨੇ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਗੁਰਬਖਸ਼ ਸਿੰਘ ਚੰਨ, ਭਾਈ ਸੁਖਦੇਵ ਸਿੰਘ ਸੁੱਖਾ ਭਾਈਰਮਨਦੀਪ ਸਿੰਘ, ਭਾਈ ਬਲਜੀਤ ਸਿੰਘ ਬੱਬੂ ਅਤੇ ਢਾਡੀ ਜਥਾ ਭਾਈ ਬੋਹੜ ਸਿੰਘ ਬਾਰੇ ਕੇ ਸ਼ਾਮਲ ਸਨ। ਇਹਨਾਂ ਜਥਿਆਂ ਨੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦਿਆਂ ਮਨੋਹਰ ਜੱਸ ਗਾਇਨ ਕੀਤਾ।



ਇਸ ਧਾਰਮਿਕ ਸਮਾਗਮ ਦੌਰਾਨ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ਼੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਪਵਿੱਤਰ ਹੁਕਮਨਾਮੇ ਦੀ ਕਥਾ ਵਿਚਾਰ ਸੰਗਤਾਂ ਨਾਲ ਸਾਂਝੀ ਕੀਤੀ।ਸੰਗਤਾਂ ਨੂੰ ਸੰਬੋਧਨ ਕਰਦਿਆਂ ਮਹਾਂਪੁਰਖ ਸ਼੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਆਖਿਆ ਕਿ ਸਾਨੂੰ ਸਾਰਿਆਂ ਨੂੰ ਵਾਹਿਗੁਰੂ ਦੇ ਭਾਣੇ ਵਿੱਚ ਰਹਿ ਕੇ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ। ਉਹਨਾਂ ਨੇ ਪ੍ਰੇਰਨਾ ਦਿੱਤੀ ਕਿ ਵੱਧ ਤੋਂ ਵੱਧ ਨਾਮ-ਸਿਮਰਨ ਅਤੇ ਗੁਰਬਾਣੀ ਦਾ ਅਭਿਆਸ ਕਰਕੇ ਆਪਣੇ ਜੀਵਨ ਨੂੰ ਸਫ਼ਲ ਬਣਾਉਣਾ ਚਾਹੀਦਾ ਹੈ। ਇਸ ਮੌਕੇ ਗੁਰੂ ਕ੍ਰਿਪਾ ਅੱਖਾਂ ਦਾ ਹਸਪਤਾਲ ਵਲੋ ਅੱਖਾਂ ਦਾ ਫਰੀ ਕੈਂਪ ਲਾਇਆ ਗਿਆ। ਸਮਾਗਮ ਦੇ ਅੰਤ ਵਿੱਚ ਆਈਆਂ ਸਮੂਹ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਈਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਜਥਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾਂ ਸਿੰਘ ਭਾਈ ਜਸਵੀਰ ਸਿੰਘ ਜਸੂ ਨੇ ਸੰਗਤਾਂ ਦੀ ਹੱਥੀ ਸੇਵਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

### ਕੌਮੀ ਇਨਸਾਫ ਮੋਰਚੇ ’ਤੇ

# ਜਬਰ ਜ਼ੁਲਮ ਅਤੇ ਪਰਚੇ ਦਰਜ ਕਰਨੇ ਮੰਦਭਾਗੇ : ਭੁੱਲਰ



**ਫਿਰੋਜ਼ਪੁਰ 17 ਅਗਸਤ (ਮਨੋਹਰ ਲਾਲ)**-ਗੁਰਚਰਨ ਸਿੰਘ ਭੁੱਲਰ ਜਿਲ੍ਹਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫਿਰੋਜਪੁਰ ਨੇ ਕਿਹਾ ਕਿ 15 ਅਗਸਤ ਨੂੰ 2026 ਨੂੰ ਚੰਡੀਗੜ੍ਹ ਵਿਖੇ ਕਾਲਾ ਦਿਵਸ ਮਨਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਗਵਰਨਰ ਸਾਹਿਬ ਨੂੰ ਮੰਗ ਪੱਤਰ ਦੇਣ ਦਾ ਪ੍ਰੋਗਰਾਮ ਲਿਖਿਆ ਸੀ ਪਰ ਜਦੋਂ ਉਥੇ ਸਿੱਖ ਜਥੇਬੰਦੀਆਂ ਇਕੱਠੀਆਂ ਹੋਈਆਂ ਤਾਂ ਚਾਰ ਚਫੇਰੇ ਬਿਛਾੜਾਂ ਵਾਲੀਆਂ ਗੱਡੀਆਂ ਲਾ ਕੇ ਪੁਲਿਸ ਨੇ ਉਥੇ ਜਬਰ ਤੇ ਜ਼ੁਲਮ ਦੀਆਂ ਹੱਦਾਂਪਾਰ ਕੀਤੀਆਂ ਅਤੇ ਲੋਕਤੰਤਰ ਦਾ ਘਾਣ ਕੀਤਾ ਗਿਆ ਅਤੇ ਇਹ ਸਰਕਾਰ ਬੁਖਲਾ ਗਈ ਕਿ ਉਹਨੇ ਕੌਮੀ ਇੰਨਸਾਫ ਮੋਰਚੇ ਵਾਲੀ ਜਗਾਹ ਜਿਥੇ ਲੋਕਾਂ ਦਾ ਇਕੱਠ ਹੋਇਆ ਸੀ ਪਹਿਲੀ ਵਾਰ ਵੇਖਿਆ ਉੱਥੇ ਡਰੋਨਾਂ ਰਾਹੀਂ ਅਥਰੂ ਗੈਸ ਅਤੇ ਹੋਰ ਗੈਸ ਉਹੋ ਜਿਹਾ ਜਿਹੜੀਆਂ ਅੱਖਾਂ ਵਿੱਚ ਜਲਣ ਕਰਨ ਵਾਲੀਆਂ ਤੇ ਪਿੰਡੇ ਤੇ ਜਖਮ ਕਰਨ ਵਾਲੀਆਂ ,ਅੱਖਾਂ ਖਰਾਬ ਕਰਨ ਵਾਲੀਆਂ ਚੀਜ਼ਾਂ ਸੁਟੀਆਂ ਜਿਸ ਦੇ ਨਾਲ ਬਹੁਤ ਸਿੱਖ ਉਥੇ ਫੱਟੜ ਵੀ ਹੋਏ ਅਤੇ ਉਹਨਾਂ ਦੀਆਂ ਅੱਖਾਂ ਤੇ ਵੀ ਅਸਰ ਪਿਆ ਪਰ ਫਿਰ ਵੀ ਸਰਕਾਰ ਨੂੰ ਸ਼ਰਮ ਨਹੀਂ ਆਈ ਉਸ ਤੋਂ ਬਾਅਦ ਜੋ ਸਾਡੇ ਲੀਡਰ ਗਵਰਨਰ ਸਾਹਿਬ ਨੂੰ ਮਿਲਣਾ ਚਾਹੁੰਦੇ ਸਨ ਉਹਨਾਂ ਨੂੰ ਰਸਤੇ ਵਿੱਚੋ ਚੁੱਕ ਲਿਆ ਚੰਡੀਗੜ੍ਹ ਪੁਲਿਸ ਤੇ ਸੈਂਟਰ ਸਰਕਾਰ ਦੇ ਚਹੇਤਿਆਂ ਨੇ ਸਿੱਖਾਂ ਤੇ ਲਾਠੀ ਚਾਰਜ ਕੀਤਾ ਤੇ ਉਹਨਾਂ ਤੇ ਸੱਟਾਂ ਮਾਰੀਆਂ ਅਤੇ ਨਾਲ ਹੀ ਸਰਦਾਰ ਸਿਮਰਜੀਤ ਸਿੰਘ ਮਾਨ ਸਾਹਿਬ ਜੋ ਗਵਰਨਰ ਸਾਹਿਬ ਦੇ ਘਰ ਤੱਕ ਭੇਸ ਬਦਲ ਕੇ ਪਹੁੰਚੇ ਗਏ ਸਨ ਉਹਨਾਂ ਤੇ ਵੀ ਤਸ਼ੱਦਦ ਕੀਤਾ ਗਿਆ ਇੱਕ 82 ਸਾਲ ਦੇ ਬਜ਼ੁਰਗ ਨੂੰ ਜਿਸ ਤਰ੍ਹਾਂ ਗੱਡੀ ਦੇ ਵਿੱਚ ਸੁੱਟਿਆ ਗਿਆ ਇੱਕ ਸਾਬਕਾ ਐਮ ਪੀ ਹੋਣ ਦੇ ਹੁੰਦਿਆਂ ਹੋਇਆਂ ਵੀ ਕਿੰਨੀ ਬੇਸ਼ਰਮੀ ਵਾਲੀ ਗੱਲ ਇਸ ਸਰਕਾਰ ਦੀ ਸਿੱਖ ਸਦਾ ਗਰੀਲੇ ਤਰੀਕੇ ਨਾਲ ਆਪਦੀਆਂ ਮੰਗਾਂ ਮਨਾਉਣ ਵਾਸਤੇ ਇਹਨਾਂ ਏ ਸੀਆਂ ਚ ਬੈਠੇ ਅਫਸਰਾਂ ਦੇ ਬੂਹਾ ਤੱਕ ਪਹੁੰਚੇ ਜਾਦੇ ਹਨ ਇਹਨਾਂ ਨੇ ਬੰਦੀ ਸਿੰਘਾਂ ਨੂੰ ਤਾਂ ਕੀ ਛੱਡਣਾ ਸਗੋ ਅੱਗੋਂ ਲਾਠੀ ਚਾਰਜ ਕਰਕੇ ਉਹਨਾਂ ਤੇ ਨਜਾਇਜ਼ ਪਰਚੇ ਦਰਜ ਕੀਤੇ ਗਏ ਦਿੱਲੀ ਸਰਕਾਰ ਇੱਕ ਚੀਜ਼ ਸਮਝ ਲਵੇ ਕਿ ਸਿੱਖ ਹਰ ਥਾਂ ਤੇ ਪਹੁੰਚ ਸਕਦੇ ਚਾਹੇ ਜਿੱਥੇ ਮਰਜ਼ੀ ਕੋਈ ਲੁਕਿਆ ਹੋਵੇ ਮੱਤ ਸੋਚੇ ਵੀ ਅਸੀਂ ਸਿੱਖਾਂ ਤੇ ਜਬਰ ਜ਼ੁਲਮ ਕਰਕੇ ਇਹਨਾਂ ਦੇ ਬੱਚੇ ਜੇਲਾਂ ਅੰਦਰ ਰੱਖ ਕੇ ਇਹਨਾਂ ਨੂੰ ਖਤਮ ਕਰ ਦੇਵਾਂਗੇ ਕਦੇ ਖਤਮ ਹੋਣ ਵਾਲੇ ਨਹੀਂ ਇਹਨਾਂ ਦਾ ਇਤਿਹਾਸ ਪੜ ਕੇ ਵੇਖ ਲਓ ਅੱਜ 82 ਸਾਲ ਦਾ ਬਜ਼ੁਰਗ ਗਵਰਨਰ ਦੇ ਘਰ ਪਹੁੰਚ ਸਕਦਾ। ਇਸ ਤੋਂ ਪਹਿਲਾਂ ਵੀ ਸਾਡੀ ਕੌਮ ਦੇ ਯੋਧਿਆਂ ਬਾਰੇ ਜੇ ਕਿਸੇ ਨਹੀ ਇਤਿਹਾਸ ਨਹੀ ਪੜਿਆ ਉਹ ਪੜ ਲਵੇ ।ਸਿੱਖ ਕੌਮ ਇਹਨਾਂ ਜਾਬਰ ਲੋਕਾਂ ਤੋਂ ਕਦੀ ਡਰੀ ਨਹੀਂ ਇਹਨਾਂ ਨੇ ਜਿੰਨਾ ਮਰਜ਼ੀ ਜ਼ੁਲਮ ਕੀਤਾ ਪਰ ਹੱਧ ਤਾਂ ਉਦੋਂ ਹੋ ਗਈ ਜਦੋਂ ਸ਼ਾਂਤਮਈ ਤਰੀਕੇ ਨਾਲ ਸਿੱਖ ਜਥੇਬੰਦੀਆਂ ਇਨਸਾਫ ਮੰਗ ਰਹੀਆਂ ਸੀ।ਇਹਨਾਂ ਮੱਤਸਵੀ ਸਰਕਾਰਾਂ ਨੇ ਹਿਟਲਰ ਨੂੰ ਵੀ ਮਾਤ ਪਾ ਦਿੱਤੀ ਅਤੇ ਸਿੱਖਾਂ ਤੇ ਜ਼ੁਲਮ ਦੀਆਂ ਹੱਦਾਂ ਪਾਰ ਕਰ ਦਿੱਤੀਆਂ, ਬੰਦੀ ਸਿੰਘ ਰਿਹਾ ਤਾ ਕੀ ਕਰਨੇ ਹਨ ਵਾਰ ਵਾਰ ਹੋਰਾਂ ਨੂੰ ਬੰਦੀ ਬਣਾ ਕੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਇਸ ਜਬਰ ਜੁਲਮ ਅਤੇ ਨਜਾਇਜ ਪਰਚਿਆਂ ਦੀ ਤੇਜਿੰਦਰ ਸਿੰਘ ਦਿਉਲ, ਸੂਰਤ ਸਿੰਘ ਮਮਦੋਟ, ਪਰਗਟ ਸਿੰਘ ਵਾਹਕੇ,ਦਵਿੰਦਰ ਸਿੰਘ ਚੂਰੀਆ,ਗੁਰਵਿੰਦਰ ਸਿੰਘ ਮੁਹਾਲਮ, ਲਖਵਿੰਦਰ ਸਿੰਘ ਸੁਪਰ, ਜੋਗਿੰਦਰ ਸਿੰਘ, ਚਮਕੋਰ ਸਿੰਘ,ਬੂਟਾ ਸਿੰਘ ਕਰੀ ਕਲਾਂ , ਗੁਰਪ੍ਰੀਤ ਸਿੰਘ ਬੈਰਕਾਂ, ਦਰਸਨ ਲਾਲ , ਜਸਵੰਤ ਸਿੰਘ ਪ੍ਰਧਾਨ ਆਈ ਟੀ ਸੈਲ ਫਿਰੋਜ਼ਪੁਰ, ਮੇਹਰ ਸਿੰਘ ਸਰਕਲ ਪ੍ਰਧਾਨ ਮਮਦੋਟ, ਸੁਖਦੇਵ ਸਿੰਘ ਵੇਹੜੀ ਸਰਕਲ ਫਿਰੋਜਪੁਰ ਦਿਹਾਤੀ, ਰਘਬੀਰ ਸਿੰਘ, ਭਜਨ ਸਿੰਘ, ਮੋਹਨ ਸਿੰਘ ਨਿਆਜੀਆਂ, ਇਕਬਾਲ ਸਿੰਘ ਗੁਰੂਹਰਸਾਏ, ਭੁਪਿੰਦਰ ਸਿੰਘ, ਰਜਿੰਦਰ ਸਿੰ, ਸੁੱਚਾ ਸਿੰਘ ਮੁਹਾਲਮ, ਸੁੱਚਾ ਸਿੰਘ ਬਸਤੀ ਭਾਨੇ ਵਾਲੀ, ਕਰਤਾਰ ਸਿੰਘ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਿਲ੍ਹਾ ਫਿਰੋਜਪੁਰ ਦੀ ਜੰਥੇਬੰਦੀ ਵੱਲੋ ਨਿਖੇਧੀ ਕੀਤੀ ਅਤੇ ਤੁਰੰਤ ਐਫ ਆਈ ਆਰ ਕੈਂਸਲ ਕਰਨ ਦੀ ਅਪੀਲ ਕੀਤੀ ਤਾਂ ਕਿ ਪੰਜਾਬ ਦੇ ਮਾਹੋਲ ਨੂੰ ਵਿਗੜਨ ਤੋ ਬਚਾਇਆ ਜਾ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

### ਮੱਲਵਾਲ ਜਦੀਦ ਵਿੱਚ ਜੈਨੇਸਿਸ ਡੈਂਟਲ ਕਾਲਜ ਅਤੇ

# ਹਸਪਤਾਲ ਨੇ ਲਗਾਇਆ ਦੰਦਾਂ ਦਾ ਜਾਂਚ ਕੈਂਪ

ਫਿਰੋਜ਼ਪੁਰ 17 ਅਗਸਤ (ਮਨੋਹਰ ਲਾਲ): ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ, ਫ਼ਿਰੋਜ਼ਪੁਰ ਵੱਲੋਂ ਪਿੰਡ ਮੱਲਵਾਲ ਜਦੀਦ ਵਿੱਚ ਮੁਫ਼ਤ ਦੰਦਾਂ ਦੀ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਮਾਹਰ ਡਾਕਟਰਾਂ ਦੀ ਟੀਮ ਨੇ ਪਿੰਡ ਵਾਸੀਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਦੰਦਾਂ ਦੀ ਸਾਫ਼-ਸਫ਼ਾਈ ਅਤੇ ਯੋਗ ਦੇਖਭਾਲ ਬਾਰੇ ਜ਼ਰੂਰੀ ਜਾਣਕਾਰੀ ਦਿੱਤੀ।ਇਸ ਦੌਰਾਨ ਡਾ.ਸੁਕੀਰਤ ਕੌਰ ਅਤੇ ਡਾ. ਜਤਿਨ ਨੇ ਮਰੀਜ਼ਾਂ ਦੀ ਜਾਂਚ ਕਰਦੇ ਹੋਏ ਉਨ੍ਹਾਂ ਨੂੰ ਦੰਦਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਬਚਾਅ ਦੇ ਉਪਾਅ ਦੱਸੇ। ਸਰਪੰਚ ਗੁਰਵੰਤ ਸਿੰਘ ਨੇ ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦਿਹਾਤੀ ਖੇਤਰਾਂ ਵਿੱਚ ਇਸ ਤਰ੍ਹਾਂ ਦੇ ਮੁਫ਼ਤ ਦੰਦਾਂ ਦੀ ਜਾਂਚ ਕੈਂਪ ਲੱਗਣ ਨਾਲ ਲੋਕਾਂ ਨੂੰ ਆਪਣੇ ਸਿਹਤ ਪ੍ਰਤੀ ਜਾਗਰੂਕ ਹੋਣ ਦੇ ਨਾਲ-ਨਾਲ ਸਮੇਂ ਸਿਰ ਇਲਾਜ ਕਰਵਾਉਣ ਵਿੱਚ ਵੀ ਮਦਦ ਮਿਲਦੀ ਹੈ।ਕਾਲਜ ਦੇ ਪੀ.ਆਰ.ਓ.ਰਣਜੀਤ ਸਿੰਘ ਅਤੇ ਮਨਜੀਤ ਸਿੰਘ ਨੇ ਕੈਂਪ ਵਿੱਚ ਪਹੁੰਚੇ ਸਾਰੇ ਮਰੀਜ਼ਾਂ ਨੂੰ ਮੁਫ਼ਤ ਟੂਥਬੁੱਸ਼ ਅਤੇ ਟੂਥਪੇਸਟ ਵੰਡੇ। ਕੈਂਪ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਭਾਗ ਲੈ ਕੇ ਮੁਫ਼ਤ ਦੰਦਾਂ ਦੀ ਜਾਂਚ ਦਾ ਲਾਭ ਉਠਾਇਆ। ਇਸ ਮੌਕੇ ਪਜੀਪਾਲ ਸਿੰਘ, ਸੁਰਜੀਤ ਸਿੰਘ ਆਦਿ ਦਾ ਸਹਿਯੋਗ ਰਿਹਾ।

ਆਵਾਜ਼ਿ ਕੌਮ AWAZE QAUM International Newspaper & WEB TV



# ਵਾਤਾਵਰਨ ਦੀ ਸੰਭਾਲ ਲਈ ਰਾਮਗੜ੍ਹੀਆ ਸੋਸਾਇਟੀ ਵਲੋਂ ਪੌਦੇ ਲਗਾਏ ਗਏ: ਦੜਿਆਲਾ



ਫਿਰੋਜ਼ਪੁਰ 17 ਅਗਸਤ (ਮਨੋਹਰ ਲਾਲ): ਵਾਤਾਵਰਨ ਦੀ ਸ਼ੁੱਧਤਾ ਤੇ ਹਰਿਆਵਲ ਨੂੰ ਬਰਕਰਾਰ ਰੱਖਣ ਦੇ ਨੇਕ ਮਕਸਦ ਨਾਲ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੋਸਾਇਟੀ ਰਜਿ 140 ਪੰਜਾਬ ਵਲੋ ਆਪਣੀ ਸ਼ਾਨਦਾਰ ਸਲਾਨਾ ਰਵਾਇਤ ਨੂੰ ਕਾਇਮ ਰੱਖਦਿਆਂ ਇਸ ਸਾਲ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫ਼ਿਰੋਜ਼ਪੁਰ ਸ਼ਹਿਰ ਵਿੱਚ ਪੋਦੇ ਲਗਾਉਣ ਦੀ ਮੁਹਿੰਮ ਚਲਾਈ ਗਈ ਸੋਸਾਇਟੀ ਦੇ ਅਹੁਦੇਦਾਰ ਅਤੇ ਸਕੂਲ ਦੇ ਸਟਾਫ ਤੇ ਵਿਦਿਆਰਥੀਆ ਨੇ ਇੱਕਜੁੱਟ ਹੋ ਕੇ ਸਕੂਲ ਦੇ ਪਾਰਕ ਦੇ ਕਿਨਾਰੇ ਛਾਂਦਾਰ ਅਤੇ ਫ਼ਲਦਾਰ ਪੌਦੇ ਲਗਾਏ।ਇਸ ਮੌਕੇ ਗੱਲਬਾਤ ਕਰਦਿਆਂ ਸੋਸਾਇਟੀ ਦੇ ਪੰਜਾਬ ਪ੍ਰਧਾਨ ਹਰਭਜਨ ਸਿੰਘ ਦੜਿਆਲਾ ਨੇ ਕਿਹਾ ਕਿ ਜਿਸ ਤੇਜ਼ੀ ਨਾਲ ਆਲਮੀ ਤਪਸ਼ ਅਤੇ ਪ੍ਰਦੂਸ਼ਣ ਵੱਧ ਰਿਹਾ ਹੈ ਉਸ ਦਾ ਮੁਕਾਬਲਾ ਕਰਨ ਲਈ ਵੱਧ ਤੋਂ ਵੱਧ ਪੌਦੇ ਲਗਾਉਣਾ ਹੀ ਇਕੋ ਇਕ ਕਾਰਗਰ ਹੱਲ ਹੈ। ਉਹਨਾਂ ਦੱਸਿਆ ਕਿ ਸੋਸਾਇਟੀ ਵੱਲੋਂ ਨਿੰਮ ਪਿੱਪਲ ਬੋਹੜ ਟਾਹਲੀ ਅਤੇ ਜ਼ਾਮਨ ਵਰਗੇ ਵਾਤਾਵਰਨ ਅਨੁਕੂਲ ਪੋਦੇ ਲਗਾਏ ਗਏ ਹਨ ਸੋਸਾਇਟੀ ਦੇ ਸਕੱਤਰ ਜਨਰਲ ਸੁਖਮੰਦਰ ਸਿੰਘ ਜੱਬਲ ਨੇ ਆਮ ਜਨਤਾ ਨੂੰ ਅਤੇ ਖਾਸ ਕਰਕੇ ਨੌਜ਼ਵਾਨ ਪੀੜ੍ਹੀ ਨੂੰ ਅਪੀਲ ਕਰਦਿਆਂ ਕਿਹਾ ਕਿ ਹਰ ਇਨਸਾਨ ਨੂੰ ਆਪਨੀ ਜ਼ਿੰਦਗੀ ਦੇ ਖ਼ਾਸ ਮੋਕਿਆਂ ਜਿਵੇਂ ਕਿ ਜਨਮ ਦਿਨ ਵਿਆਹਾਂ ਦੀ ਵਰ੍ਹੇਗੰਢ ਜਾ ਅਪਣੇ ਬਜ਼ੁਰਗਾਂ ਦੀ ਯਾਦ ਵਿੱਚ ਘੱਟੋ ਘੱਟ ਇੱਕ ਪੌਦਾ ਜਰੂਰ ਲਗਾਉਣਾ ਚਾਹੀਦਾ ਹੈ। ਸੋਸਾਇਟੀ ਦੇ ਮੀਤ ਪ੍ਰਧਾਨ ਪੰਜਾਬ ਬੂਟਾ ਸਿੰਘ ਹਰਿਆਨ ਨੇ ਦੱਸਿਆ ਕਿ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਸੋਚ ਤੇ ਪਹਿਰਾ ਦਿੰਦਿਆਂ ਸੋਸਾਇਟੀ ਸਮਾਜ ਭਲਾਈ ਦੇ ਕੰਮਾਂ ਲਈ ਹਮੇਸ਼ਾ ਮੋਹਰੀ ਰੋਲ ਅਦਾ ਕਰਦੀ ਰਹੇਗੀ ਸੋਸਾਇਟੀ ਦੇ ਇਸ ਨੇਕ ਉਪਰਾਲੇ ਦੀ ਵਾਤਾਵਰਨ ਪ੍ਰੇਮੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਏ। ਸੋਸਾਇਟੀ ਦਾ ਇਹ ਕਦਮ ਹੋਰਨਾਂ ਸਮਾਜਿਕ ਸੰਸਥਾਵਾਂ ਲਈ ਇੱਕ ਵੱਡਾ ਪ੍ਰੇਰਨਾ ਸਰੋਤ ਹੈ ਜੇਕਰ ਸਾਰੀਆਂ ਸੰਸਥਾਵਾਂ ਇਸੇ ਤਰ੍ਹਾਂ ਅਗੇ ਆਉਣ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁੜ ਤੋਂ ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਹੋ ਜਾਵਾਂਗੇ ਇਸ ਮੌਕੇ ਭਗਵਾਨ ਸਿੰਘ ਦੜਿਆਲਾ ਪ੍ਰਦੀਪ ਸਿੰਘ ਭੁੱਲਰ ਅੰਗਰੇਜ਼ ਸਿੰਘ ਕਲਸੀ ਜਰਨੈਲ ਸਿੰਘ ਗਾਬੜੀਆ ਜਸਵਿੰਦਰ ਸਿੰਘ ਸੰਧੂ ਸੁਖਚੈਨ ਸਿੰਘ ਨਾਗੀ ਅਮਰ ਸਿੰਘ ਗਾਬੜੀਆ ਹਰਜਿੰਦਰ ਸਿੰਘ ਦੜਿਆਲਾ ਜੱਸਬੀਰ ਸਿੰਘ ਕਲਸੀ ਸਤਿਨਾਮ ਸਿੰਘ ਹਰਿਆਨ ਲੱਖਵਿੰਦਰ ਸਿੰਘ ਇੰਚਾਰਜ਼ ਪ੍ਰੀਸੀਪਾਲ ਸ੍ਰੀਮਤੀ ਨਿਮਰਤਾ ਸ਼ਰਮਾ ਲੈਕਚਰਾਰ ਸੁਖਦੀਪ ਕੌਰ ਲੈਕਚਰਾਰ ਕੁਲਦੀਪ ਕੌਰ ਲੈਕਚਰਾਰ ਜਸਪ੍ਰੀਤ ਕੌਰ ਭੁੱਲਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਹੀਦ ਭਗਤ ਸਿੰਘ ਮਾਡਲ ਸਕੂਲ ਵਿਖੇ ਧੂਮਧਾਮ ਨਾਲ ਮਨਾਇਆ ਗਿਆ ਅਜ਼ਾਦੀ ਦਿਹਾੜਾ, ਬੱਚਿਆ ਦੇ ਫੈਂਸੀ ਮੁਕਾਬਲੇ ਰਹੇ ਖਿੱਚ ਦਾ ਕੇਂਦਰ



ਫਿਰੋਜ਼ਪੁਰ 17 ਅਗਸਤ (ਮਨੋਹਰ ਲਾਲ): ਸ਼ਹੀਦ ਭਗਤ ਸਿੰਘ ਮਾਡਲ ਸਕੂਲ ਭਾਨੇ ਵਾਲਾ ਵਿਖੇ ਦੇਸ਼ ਦਾ ਅਜ਼ਾਦੀ ਦਿਹਾੜਾ ਬੜੇ ਹੀ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਸਮਾਗਮ ਦੌਰਾਨ ਸਰਹੱਦੀ ਸੁਰੱਖਿਆ ਬਲ ਦੇ ਕੰਪਨੀ ਕਮਾਂਡਰ ਗਜੇਂਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਈ, ਜਿਸ ਤੋਂ ਬਾਅਦ ਰਾਸ਼ਟਰੀ ਗਾਨ ਗਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਬੀ.ਐੱਸ.ਐੱਫ. ਕੰਪਨੀ ਕਮਾਂਡਰ ਗਜੇਂਦਰ ਸਿੰਘ ਨੇ ਸਾਰੇ ਬੱਚਿਆਂ ਅਤੇ ਸਟਾਫ਼ ਨੂੰ ਅਜ਼ਾਦੀ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਰਹੇ ਜਵਾਨਾਂ ਦੀ ਕੁਰਬਾਨੀ ਅਤੇ ਦੇਸ਼ ਭਗਤੀ ਬਾਰੇ ਚਾਨਣਾ ਪਾਇਆ ਅਤੇ ਬੱਚਿਆਂ ਨੂੰ ਅਨੁਸ਼ਾਸਨ ਵਿਚ ਰਹਿ ਕੇ ਦੇਸ਼ ਸੇਵਾ ਲਈ ਹਮੇਸ਼ਾ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ ।ਸਕੂਲ ਦੇ ਪ੍ਰਿੰਸੀਪਲ ਨਰਿੰਦਰ ਸਿੰਘ ਕੇਸਰ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਅਜ਼ਾਦੀ ਦਿਹਾੜੇ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਅੱਜ ਅਸੀਂ ਜਿਸ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈ ਰਹੇ ਹਾਂ, ਉਹ ਸ਼ਹੀਦ ਭਗਤ ਸਿੰਘ, ਉਧਮ ਸਿੰਘ, ਕਰਤਾਰ ਸਿੰਘ ਸਰਾਭੇ ਆਦਿ ਵਰਗੇ ਕਈ ਮਹਾਨ ਦੇਸ਼ ਭਗਤਾਂ ਅਤੇ ਕੁਰਬਾਨੀਆਂ ਦੀ ਬਦੌਲਤ ਹੈ। ਉਨ੍ਹਾਂ ਬੱਚਿਆਂ ਨੂੰ ਸ਼ਹੀਦਾਂ ਦੁਆਰਾ ਦਰਸਾਏ ਮਾਰਗ ’ਤੇ ਚੱਲਣ ਅਤੇ ਚੰਗੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਦਾ ਨਾਂ ਰੋਸ਼ਨ ਕਰਨ ਲਈ ਪ੍ਰੇਰਿਆ। ਇਸ ਸਮਾਗਮ ਦੌਰਾਨ ਸਕੂਲੀ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕੋਰੀਓਗ੍ਰਾਫ਼ੀ, ਕਵਿਤਾਵਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਹਾਜ਼ਰ ਸਭ ਲੋਕਾਂ ਦਾ ਮਨ ਮੋਹ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ, ਅਤੇ ਬੱਚਿਆਂ ਨੂੰ ਮਠਾਈ ਵੰਡੀ ਗਈ। ਇਸ ਮੌਕੇ ਵਾਈਸ ਪ੍ਰਿੰਸੀਪਲ ਸੁਨੀਲ ਰਾਣਾ, ਸਾਕਸ਼ੀ, ਬਲਵੀਰ ਕੌਰ, ਕੁਲਦੀਪ ਕੌਰ, ਸਰਿਤਾ, ਸੁਨੀਤਾ, ਸਲਮਾ, ਸ਼ਰੂਤੀ, ਸਨੇਹ, ਕੋਮਲ ਆਦਿ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

+447458381111 +447976210161 +919729091243